# ਅੰਮ੍ਰਿਤ ਕੀਰਤਨ

# Amrit Kirtan



ਨਵੰਬਰ 2006

ਆਨਰੇਰੀ ਸੰਪਾਦਕ

ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 11 ◆ ਸਾਲ ਅਠਾਰਵਾਂ ◆ ਨਵੰਬਰ 2006



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007

**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-2713915, 093161 36268

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com



| | |
|---|---|
| ਮਿਤ੍ਰ ਅਸਾਡੜੇ ਸੇਈ<br>*ਪਾਠਕਾਂ ਦੇ ਪੱਤਰ* | 2 |
| ਕਰਉ ਬੇਨੰਤੀਆ<br>*ਸੰਪਾਦਕੀ* | 3 |
| ਸਚਖੰਡ ਅਤੇ ਸਬੰਧਿਤ ਖੰਡ<br>*ਸੋਹਣ ਸਿੰਘ* | 4 |
| ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਰਾਗ, ਗਾਉਣ-ਸਮਾਂ ਅਤੇ ਮਹੱਤਵ<br>*ਪ੍ਰੋ. ਹਰਸੁਖ ਮਨਜੀਤ ਸਿੰਘ* | 6 |
| ਗੁਰਮਤਿ ਅਤੇ ਸੰਗੀਤ<br>*ਗੁਰਜੰਤ ਸਿੰਘ ਰਾਹੀ* | 11 |
| ਅਕਾਲ ਗੁਰਮਤਿ ਸੰਗੀਤ ਕਲਾ ਕੇਂਦਰ ਬੜੂ ਸਾਹਿਬ<br>*ਅਵਤਾਰ ਸਿੰਘ 'ਹੰਸ'* | 14 |
| ਭਾਰਤ ਰਤਨ ਸ਼ਹਿਨਾਈ ਵਾਦਕ ਨੂੰ ਸ਼ਰਧਾਂਜਲੀ<br>*ਗੁਰਜੰਤ ਸਿੰਘ ਰਾਹੀ* | 15 |
| ਗੁਰੂ ਨਾਨਕ ਸਭ ਦਾ ਪਿਆਰਾ<br>*ਡਾ. ਹਰਨੇਕ ਸਿੰਘ ਕਲੇਰ* | 16 |
| ਪ੍ਰਤੀਕਰਮ<br>*ਕਰਮ ਸਿੰਘ ਰਤਨ* | 17 |
| ਸੁਰ ਲਿਪੀ<br>*ਹਰਦੀਪ ਕੌਰ* | 23 |
| ਸੁਰ ਲਿਪੀ ਵਾਲੇ ਸ਼ਬਦ ਦੇ ਅਰਥ<br>*ਹਰਦੀਪ ਕੌਰ* | 24 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172-3292919



# ਮਿਤ੍ਰ ਅਸਾਡੜੇ ਸੇਈ

♦ ਤੁਹਾਡੀ ਪ੍ਰਤਿਕਾ ਮਿਲ ਰਹੀ ਹੈ। ਚੰਗਾ ਯਤਨ ਹੈ ਤੁਸੀਂ ਗੁਰਬਾਣੀ ਦੀਆਂ ਚੰਗੀਆਂ ਕੈਸਟਾਂ ਦਾ ਜ਼ਿਕਰ ਵੀ ਕਰੋ। ਜਿਹੜੇ ਰਾਗੀ ਹਲਕੀਆਂ ਸਧਾਰਨ ਧੁਨਾਂ ਦੀ ਟੇਕ ਲੈ ਕੇ ਕੀਰਤਨ ਕਰਦੇ ਹਨ ਉਨ੍ਹਾਂ ਬਾਰੇ ਵੀ ਲਿਖੋ।

*ਜਗਤਾਰ ਸਿੰਘ ਦਿੱਲੀ*

♦ ਅੰਮ੍ਰਿਤ ਕੀਰਤਨ ਵਿਚ ਦਿੱਤੀ ਸਮੱਗਰੀ ਗੁਰਮਤਿ ਸੰਗੀਤ ਪ੍ਰੇਮੀਆਂ ਲਈ ਬਹੁਤ ਹੀ ਲਾਹੇਵੰਦ ਹੁੰਦੀ ਹੈ। ਨਿਰਧਾਰਤ ਰਾਗਾਂ ਵਿਚ ਦੋ ਬੰਦਿਸ਼ਾਂ ਹਰ ਮਹੀਨੇ ਤਿਆਰ ਕਰਨ ਨੂੰ ਮਿਲਦੀਆਂ ਹਨ। ਰਾਗੀ ਸਿੰਘਾਂ ਦਾ ਜੀਵਨ, ਅੱਛੀਆਂ ਕੀਰਤਨ ਕੈਸਟਾਂ ਦੀ ਸਮੀਖਿਆ ਗੁਰਬਾਣੀ ਅਤੇ ਇਤਿਹਾਸ ਬਾਰੇ ਵੱਡਮੁੱਲੀ ਜਾਣਕਾਰੀ ਪੜ੍ਹ ਕੇ ਮਨ ਅਨੰਦਿਤ ਹੋ ਜਾਂਦਾ ਹੈ। ਰਾਗੀ ਸਿੰਘ ਜੋ ਕਿ ਅੱਛੇ ਰਾਗਾਂ ਦੇ ਮਾਹਿਰ ਹੋਣ ਉਨ੍ਹਾਂ ਦੀ ਇੰਟਰਵਿਊ ਵੀ ਪੇਸ਼ ਕਰਿਆ ਕਰੋ। ਵਾਹਿਗੁਰੂ ਪੱਤ੍ਰਿਕਾ ਨੂੰ ਹੋਰ ਕਾਮਯਾਬ ਕਰੇ।

*ਦਲਜੀਤ ਸਿੰਘ,*
*581, Light Regt. C/o 99 A.P.O.*

♦ ਕਿਰਪਾ ਕਰਕੇ CD Project ਪਟਿਆਲਾ/ਪੰਜਾਬ ਇਲਾਕੇ ਲਈ ਦਾਸਰਿਆਂ ਨੂੰ Area Organizer ਦੀ ਸੇਵਾ ਬਖਸ਼ਣ ਦੀ ਕਿਰਪਾਲਤਾ ਕਰਨੀ ਜੀ। ਅਕਾਲ ਪੁਰਖ ਦੀ ਰਹਿਮਤ ਸਦਕਾ ਦਾਸਰਿਆਂ ਪਾਸ CD Writer ਵੀ ਹੈ... ਅਤੇ ਲੋੜਵੰਦ ਸੰਗਤਾਂ ਦੀ ਯੋਗ ਸੇਵਾ ਕਰਨ ਦਾ ਉਪਰਾਲਾ ਸੰਸਥਾ ਦੁਆਰਾ ਜ਼ਰੂਰ ਕੀਤਾ ਜਾਂਦਾ ਰਹੇਗਾ।
ਕਿਰਪਾ ਕਰਕੇ ਹੁਣ ਤਕ ਤਿਆਰ ਹੋ ਚੁੱਕੀਆਂ ਸਾਰੀਆਂ CD's ਦਾ ਇਕ ਸੈੱਟ ਦਾਸਰਿਆਂ ਨੂੰ ਯਥਾ ਛੇਤੀ ਹੀ ਭੇਜਣ ਦੀ ਕਿਰਪਾਲਤਾ ਕਰਨੀ ਜੀ।

*ਮਨਪ੍ਰੀਤ ਸਿੰਘ*
*ਤਕਨੀਕੀ ਸਹਾਇਕ, ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ*

## ਕਰਉ ਬੇਨੰਤੀਆ

# ਸੰਖੇਪ ਸੁਨੇਹੇ ਮਿੱਤਰਾਂ ਦੇ

ਕਦੀ ਕਦੀ ਗਾਣਾ ਸੁਣਦੇ ਹੁੰਦੇ ਸਾਂ - ਚਿੱਠੀ ਮੇਰੇ ਢੋਲ ਨੂੰ ਪੁਚਾਈਂ ਵੇ ਕਬੂਤਰਾ - ਤੇ ਅੱਜ ਮੋਬਾਈਲ ਨਾਮਕ ਕਬੂਤਰ ਹਰ ਇਕ ਦੇ ਹੱਥ ਵਿਚ ਫੜਿਆ ਹੁੰਦਾ ਹੈ ਅਤੇ ਮੇਰੀ ਪਤਨੀ ਦੇ ਕਹਿਣ ਅਨੁਸਾਰ ਇਸ ਬੀਂਡੇ ਤੇ ਟਿੱਕ-ਪਟਿੱਕ ਕਰਦੇ ਲੋਕ ਥੱਕਦੇ ਨਹੀਂ। ਕਈ ਲੋਕ ਇਸ ਮੋਬਾਈਲ ਦੀਆਂ ਹਾਨੀਆਂ ਗਿਣਾਉਂਦੇ ਹਨ ਅਤੇ ਕਈ ਇਸਦੇ ਲਾਭ। ਬੰਦਾ ਸਹੂਲਤਾਂ ਤਾਂ ਚਾਹੁੰਦਾ ਹੈ ਪਰ ਉਨ੍ਹਾਂ ਦੀ ਕੀਮਤ ਨਹੀਂ ਤਾਰਨਾ ਚਾਹੁੰਦਾ। ਹਰ ਕੋਈ ਕਾਰ ਚਾਹੁੰਦਾ ਹੈ ਪਰ ਪੈਟਰੋਲ ਨਾ ਪਾਉਣਾ ਪਵੇ। ਨਾ ਹੀ ਕਾਰ ਧੂੰਆਂ ਛੱਡੇ। ਮੋਬਾਈਲ ਦੇ ਨੁਕਸਾਨਾਂ ਦੀ ਨਹੀਂ ਮੈਂ ਇਸ ਦੇ ਇਕ ਅਦੁੱਤੀ ਲਾਭ ਦੀ ਗੱਲ ਕਰਨ ਲੱਗਾ ਹਾਂ -

ਇਸ ਉਤੇ SMS ਰਾਹੀਂ ਕੁਝ ਸੁਨੇਹੇ ਪ੍ਰਾਪਤ ਹੁੰਦੇ ਹਨ। ਭਾਵੇਂ ਇਹ ਸਾਰੇ ਸੁਨੇਹੇ ਵਧੀਆ ਨਹੀਂ ਹੁੰਦੇ। ਪਰ ਬਹੁਤ ਸਾਰੇ ਸੁਨੇਹੇ ਇਤਨੇ ਵਧੀਆ ਹੁੰਦੇ ਹਨ ਕਿ ਉਨ੍ਹਾਂ ਨੂੰ ਪੜ੍ਹ ਕੇ ਤਬੀਅਤ ਪ੍ਰਸੰਨ ਹੋ ਜਾਂਦੀ ਹੈ ਅਤੇ ਇਹ ਸੁਨੇਹੇ ਆਪਣੇ ਹੋਰ ਦੋਸਤਾਂ ਮਿੱਤਰਾਂ ਨਾਲ ਸਾਂਝੇ ਕਰਨ ਨੂੰ ਮਨ ਕਰਦਾ ਹੈ। ਮੈਂ ਕਈ ਵਾਰ ਇੰਜ ਕਰਦਾ ਵੀ ਹਾਂ। ਪਿਛਲੇ ਦਿਨੀਂ ਕੁਝ ਸੁਨੇਹੇ ਪ੍ਰਾਪਤ ਹੋਏ ਉਹ ਤੁਹਾਡੇ ਨਾਲ ਸਾਂਝੇ ਕਰ ਰਿਹਾ ਹਾਂ -

Life is small, live it !

Anger is injurious, dump it !

Troubles are momentary, face it !

Memories are sweet, cherish it !

You are wonderful, accept it !

ਇਸ ਸੁਨੇਹੇ ਦੀ ਆਖਰੀ ਲਾਈਨ ਵਿਚ ਸੁਨੇਹਾ ਲਿਖਣ ਵਾਲਿਆਂ ਨੇ ਆਪਣੀ ਮਾਨਸਿਕ ਅਵਸਥਾ ਅਨੁਸਾਰ ਕੁਝ ਤਬਦੀਲੀ ਵੀ ਕੀਤੀ ਹੈ। ਇਕ ਸੱਜਣ ਵਲੋਂ ਇਹੀ ਸੁਨੇਹਾ ਆਇਆ ਪਰ ਆਖਰੀ ਲਾਈਨ ਇਸ ਤਰ੍ਹਾਂ ਸੀ:

You are good I know but I am too good accept it !

ਇਨ੍ਹਾਂ ਵਿਚੋਂ ਕੁਝ ਸੁਨੇਹੇ ਤਾਂ ਬਹੁਤ ਉਤਸ਼ਾਹ ਦਿੰਦੇ ਹਨ। ਹੇਠ ਲਿਖਿਆ ਸੁਨੇਹਾ ਪੜ੍ਹੋ:

Excellence has always been achieved by those who dared to believe that someghing inside them was superior to circumstances.

ਮੁਸਕਰਾਉਣ ਦੀ ਮਹੱਤਤਾ ਬਾਰੇ ਹੇਠ ਲਿਖਿਆ ਸੁਨੇਹਾ ਕਮਾਲ ਦਾ ਹੈ:

Alwyas be happy, always wear a smile, not because life is full of reasons to smile, but because your smile it self is reason for many others to smile

ਇਹੋ ਜਿਹੇ ਸੁਨੇਹੇ ਪੜ੍ਹ ਕੇ ਸਾਰੇ ਦਿਨ ਮਨ ਵਿਚ ਚੰਗੀ ਰੌਂ ਚੱਲਦੀ ਰਹਿੰਦੀ ਹੈ। ਇਸ ਤਰ੍ਹਾਂ ਮੋਬਾਈਲ ਫੋਨ ਇਕ ਚੰਗਾ ਯੰਤਰ ਹੋ ਨਿਬੜਦਾ ਹੈ।

# ਸਚਖੰਡ ਅਤੇ ਸਬੰਧਿਤ ਖੰਡ

ਸੋਹਣ ਸਿੰਘ

ਜਪੁਜੀ ਸਾਹਿਬ ਵਿੱਚ ਗੁਰੂ ਨਾਨਕ ਸਾਹਿਬ ਨੇ ਪੰਜਾਂ ਖੰਡਾਂ ਦਾ ਵਰਨਣ ਕੀਤਾ ਹੈ। ਇਹ ਖੰਡ ਮਨੁੱਖ ਦੀ ਸੁਰਤ ਦੇ ਪੜਾਅ ਦੱਸੇ ਹਨ ਜਾਂ ਪ੍ਰਮਾਤਮਾ ਦੀ ਕਿਰਤ/ਕੁਦਰਤਿ ਦੇ ਭਾਗ ਦੱਸੇ ਹਨ ਇਸ ਤੇ ਵਿਚਾਰ ਕਰਨ ਦੀ ਲੋੜ ਹੈ। ਆਮ ਤੌਰ ਤੇ ਤਾਂ ਇਹੀ ਖਿਆਲ ਬਣਿਆ ਹੋਇਆ ਹੈ ਕਿ ਇਹ ਮਨੁੱਖ ਦੀ ਸੁਰਤ ਦੀਆਂ ਪਉੜੀਆਂ ਹਨ ਪ੍ਰੰਤੂ ਸਚਖੰਡ ਦੀ ਲਿਖਤ ਤੋਂ ਇੰਜ ਨਹੀਂ ਜਾਪਦਾ। ਜਪੁਜੀ ਸਾਹਿਬ ਦੀ 37 ਵੀਂ ਪਉੜੀ 'ਚ ਇਸ ਤਰਾਂ ਵਰਨਣ ਹੈ।

*ਸਚ ਖੰਡਿ ਵਸੈ ਨਿਰੰਕਾਰ।*
*ਕਰ ਕਰ ਵੇਖੈ ਨਦਰਿ ਨਿਹਾਲੁ।*
*ਤਿਥੈ ਖੰਡ ਮੰਡਲ ਵਰਭੰਡ।*
*ਜੇ ਕੋ ਕਥੈ ਤ ਅੰਤ ਨ ਅੰਤ।*
*ਤਿਥੈ ਲੋਅ ਲੋਅ ਅਕਾਰ।*
*ਜਿਵ ਜਿਵ ਹੁਕਮ ਤਿਵੈ ਤਿਵ ਕਾਰ।*
*ਵੇਖੈ ਵਿਗਸੈ ਕਰ ਵੀਚਾਰ।*
*ਨਾਨਕ ਕਥਨਾ ਕਰੜਾ ਸਾਰੁ।*

ਇਸ ਵਿੱਚ ਦਿੱਤੇ ਫ਼ੁਰਮਾਨਾਂ ਤੋਂ ਤਾਂ ਇਹੀ ਲਗਦਾ ਹੈ ਕਿ ਨਿਰੰਕਾਰ ਦੀ ਵਾਸੋਂ ਖੰਡਾਂ, ਮੰਡਲਾਂ, ਵਰਭੰਡਾਂ ਵਿੱਚ ਹੀ ਹੈ ਜਿੰਨ੍ਹਾਂ ਨੂੰ ਜੇ ਕੋਈ ਗਿਨਣਾ ਚਾਹੇ ਤਾਂ ਅੰਤ ਨਹੀਂ ਪਾਇਆ ਜਾ ਸਕੇਗਾ। ਇਹਨਾਂ ਵਿੱਚ ਕਈ ਅਕਾਰਾਂ ਦੇ ਲੋਕ ਹਨ ਅਤੇ ਇਹਨਾਂ ਦੀ ਤਫਸੀਲ ਕਰਨੀ ਲੋਹੇ ਜਿਹਾ ਕਰੜਾ ਮਸਲਾ ਹੈ।

ਗੁਰੂ ਨਾਨਕ ਸਾਹਿਬ ਨੇ ਪ੍ਰਮਾਤਮਾਂ ਦੇ ਘਰ ਬਾਰੇ ਜਿੱਥੇ ਉਹ ਵੱਸਦਾ ਹੈ ਸੋਦਰ ਦੀ ਪਉੜੀ ਜਪੁਜੀ ਵਿੱਚ ਇੰਜ ਦਰਸਾਇਆ ਹੈ !

*ਸੋਦਰੁ ਕੇਹਾ ਸੋ ਘਰ ਕੇਹਾ*
*ਜਿਤ ਬਹਿ ਸਰਬ ਸਮਾਲੇ।*
*ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣ ਹਾਰੇ।*
*ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣ ਹਾਰੇ।*
*ਗਾਵਹਿ ਤੁਧਨੋ ਪਉਣ ਪਾਣੀ ਬੈਸੰਤਰ*
*ਗਾਵਹੈ ਰਾਜਾ ਧਰਮੁ ਦੁਆਰੇ।*
*ਗਾਵਹਿ ਚਿਤ ਗੁਪਤ ਲਿਖਿ ਜਾਣਹਿ*
*ਲਿਖਿ ਲਿਖਿ ਧਰਮ ਵੀਚਾਰੇ ।*
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ।
ਗਾਵਹਿ ਇੰਦ ਇੰਦ੍ਰਾਸਣਿ ਬੈਠੇ ਦੇਵਤਿਆਂ ਦਰਿ ਨਾਲੇ।
ਗਾਵਹਿ ਸਿਦ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ।
ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ।
ਗਾਵਨਿ ਪੰਡਿਤ ਪੜ੍ਹਨਿ ਰਖੀਸਰ
ਜੁਗ ਜੁਗ ਵੇਦਾਂ ਨਾਲੇ।
ਗਾਵਹਿ ਮੋਹਣੀਆਂ ਮਨ ਮੋਹਨਿ
ਸੁਰਗਾ ਮਛ ਪਇਆਲੇ ।
ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ।
ਗਾਵਹਿ ਜੋਧ ਮਹਾਂ ਬਲ ਸੂਰਾ ਗਾਵਹਿ ਖਾਣੀ ਚਾਰੇ!
ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ।
ਸੇਈ ਤੁਧਨੋ ਗਾਵਹਿ ਜੋ ਤੁਧੁ ਭਾਵਨਿ
ਰਤੇ ਤੇਰੇ ਭਗਤ ਰਸਾਲੇ ।
ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ
ਨਾਨਕ ਕਿਆ ਵੀਚਾਰੇ।

ਨਿਰੰਕਾਰ ਦੇ ਵਸਣ ਦੀ ਜਗਾ ਗੁਰਬਾਣੀ ਵਿੱਚ ਹੋਰ ਵੀ ਕਈ ਥਾਵਾਂ ਤੇ ਆਈ ਹੈ। ਜਿਵੇਂ ਕਿ :

*ਬਲਹਾਰੀ ਕੁਦਰਤਿ ਵਸਿਆ*
*ਤੇਰਾ ਅੰਤ ਨ ਜਾਈ ਲਖਿਆ।* ਪਾ: 1
*ਜਹ ਜਹ ਦੇਖਉ ਤਹ ਹਜੂਰਿ ਦੂਰਿ ਕਤਹੁ ਨਜਾਈ!*
*ਰਵਿ ਰਹਿਆ ਸਰਬਤ ਮੈ ਮਨ ਸਦਾ ਧਿਆਈ।* 627
*ਦਸਹ ਦਿਸ ਖੋਜਤ ਮੈ ਫਿਰਿਓ ਜਤ ਦੇਖੈ ਤਤ ਸੋਇ।*
*ਮਨ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਈ* 298
*ਸਰਬ ਜੋਤਿ ਤੇਰੀ ਪਸਰਿ ਰਹੀ*
*ਜਹ ਜਹ ਦੇਖਾ ਤਹ ਨਰਹਰੀ।* 876
*ਕਿ ਜਾਹਰ ਜਹੂਰ ਹੈ ਕਿ ਹਾਜਰ ਹਜੂਰ ਹੈ*
*ਕਲੰਕ ਪ੍ਰਣਾਸ ਹੈ ਸਮ ਸਤੁਲ ਨਿਵਾਸ ਹੈ* 47-10
*ਸਰੇਬੈ ਏਕੁ ਅਨੇਕੈ ਸੁਆਮੀ ਸਭ ਘਟ ਭੁਗਵੈ ਸੋਈ।*
*ਕਹਿ ਰਵਿਦਾਸ ਹਾਥ ਪੈ ਨੇਰੈ ਸਹਿਜੇ ਹੋਇ ਸੋ ਹੋਈ*647

ਉਪਰੋਕਤ ਫੁਰਮਾਨਾਂ ਤੋਂ ਸਾਫ ਹੈ ਕਿ ਪ੍ਰਮਾਤਮਾ ਦਾ ਕੋਈ ਖ਼ਾਸ ਅਸਥਾਨ ਨਹੀਂ ਬਲਕਿ ਉਹ ਹਰ ਜੀਵ, ਹਰ ਥਾਂ ਵਿੱਚ ਰਮਿਆ ਹੋਇਆ ਵਸਦਾ ਹੈ, ਜੋ ਜ਼ਾਹਰਾ ਜ਼ਹੂਰ

ਹੈ।

ਪ੍ਰਮਾਤਮਾ

ਆਤਮਾ ਅਨਹਦ ਸ਼ਬਦ

(ਜੋਤ) (ਨਾਦਿ)

ਉਹ ਤਾਂ ਇੱਕ ਸ਼ਕਤੀ ਹੈ , ਕਲਾ ਹੈ ਜਿਸ ਤੋਂ ਬਗੈਰ ਕੋਈ ਜ਼ੱਰਾ ਵਜੂਦ ਵਿੱਚ ਨਹੀਂ ਰਹਿ ਸਕਦਾ। ਇਹਨਾਂ ਜਿਹੇ ਜੱਰਿਆਂ ਦਾ ਮਜਮੂਹਾ ਹੀ ਕੁਦਰਤਿ ਹੈ ਜਿਸ ਨੂੰ ਭੋਗਣ ਲਈ ਲੁਕੀ ਕਲਾ ਰਾਹੀਂ ਦੇਖੀਦਾ ਹੈ, ਸੁੰਘੀਦਾ ਹੈ, ਵਿਚਰੀਦਾ ਹੈ, ਗਾਵੀਦਾ ਹੈ , ਸੋਚੀਦਾ ਹੈ ! ਕੁਦਰਤਿ ਦਾ ਵਰਨਣ ਗੁਰੂ ਸਾਹਿਬ ਨੇ ਆਸਾ ਦੀ ਵਾਰ ਵਿੱਚ ਵੀ ਕੀਤਾ ਹੈ।

*ਮਹਲਾ 1:*

***ਕੁਦਰਤਿ ਦਿਸੈ ਕੁਦਰਤਿ ਸੁਣੀਐ***
***ਕੁਦਰਤਿ ਭਉ ਸੁਖ ਸਾਰੁ ।***
***ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਅਕਾਰੁ।***
***ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰਿ।***
***ਕੁਦਰਤਿ ਖਾਣਾ ਪੀਣਾ ਪੈਨਣੁ ਕੁਦਰਤਿ ਸਰਬ ਪਿਆਰ।***
***ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ।***
***ਕੁਦਰਤਿ ਨੇਕੀਆ ਕੁਦਰਤਿ ਬਦੀਆ***
***ਕੁਦਰਤਿ ਮਾਨੁ ਅਭਿਮਾਨੁ।***
***ਕੁਦਰਤਿ ਪਉਣ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ।***
***ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥***
***ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥***

ਆਸਾ ਦੀ ਵਾਰ

ਗੁਰੂ ਨਾਨਕ ਸਾਹਿਬ ਨੂੰ ਬਾਣੀ ਉਚਾਰਣ ਸਮੇਂ, ਪਹਿਲੋਂ ਕੁਦਰਤਿ ਦਾ ਖੁਭਵਾਂ ਅਧਿਐਨ ਹੋਇਆ ਜਾਪਦਾ ਹੈ ਫਿਰ ਉਹਨਾਂ ਵਰਨਣ ਕੀਤਾ ਹੈ। ਉਹਨਾਂ ਕੁਦਰਤਿ ਵਿੱਚ ਪ੍ਰਮਾਤਮਾ ਦੀ ਵਿਚਰ ਰਹੀ ਕਲਾ ਨੂੰ ਏਨਾ ਅਨੁਭਵ ਕੀਤਾ ਕਿ ਉਹਨਾਂ ਦਾ ਮਨ ਮੋਹਿਆ ਗਿਆ, ਹਿਰਦਾ ਗਦ ਗਦ ਹੋ ਗਿਆ! ਤਾਂ ਹੀ ਤਾਂ ਉਹਨਾਂ ਦੇ ਮੁਖਾਰ ਬਿੰਦ ਚੋਂ ਇਦਾਂ ਦੇ ਸ਼ਬਦ ਨਿਕਲੇ।

ਮੱਛੀ ਦਾ ਪਾਣੀ ਨਾਲ, ਮਾਤਾ ਦਾ ਪੁੱਤਰ ਨਾਲ, ਪਪੀਹੇ ਦਾ ਜਲ ਦੀ ਬੂੰਦ ਨਾਲ, ਹਿਰਨ ਦਾ ਨਾਦਿ ਨਾਲ ਆਦਿ: ਓਅੰਕਾਰ (ੴ) ਸ਼ਬਦ ਜੋ ਪ੍ਰਮਾਤਮਾ ਦੀ ਸੰਮਪੂਰਨਤਾ (ਨਿਰਗੁਣ + ਸਰਗੁਣ) ਦਾ ਚਿਨ੍ਹ ਹੈ। ਇਸੀ ਸ਼ਬਦ ਦੀ ਨਾਦਿ ਨਾਲ ਹੀ ਇਸ ਸ੍ਰਿਸ਼ਟੀ/ਬ੍ਰਹਮੰਡ ਦਾ ਆਗਾਜ਼ ਹੋਇਆ, ਗੁਰਬਾਣੀ ਵਿੱਚ ਦਰਸਾਇਆ ਹੈ। ਏਸੇ ਲਈ ਗੁਰੂ ਨਾਨਕ ਸਾਹਿਬ ਨੇ ਇਸ ਸੰਪੂਰਨ ਸ਼ਬਦ (ੴ) ਨੂੰ ਮੁੱਢ ਬਣਾ ਕੇ ਗੁਰਬਾਣੀ ਰਚਨਾ ਨੂੰ ਆਰੰਭ ਕੀਤਾ ਤੇ ਇਸੀ ਨੂੰ ਹੀ ਸਤਿਨਾਮ ਦੀ ਪਦਵੀ ਦਿੱਤੀ! ਇਸ ਸ਼ਬਦ ਦੀ ਧੁਨ ਬੇਅੰਤ ਰਾਗਾਂ ਤੇ ਬੇਅੰਤ ਸਾਜ਼ਾਂ ਰਾਹੀਂ ਹਰ ਸਮੇਂ ਬ੍ਰਹਮੰਡ ਵਿੱਚ ਅਨਹਦ ਸ਼ਬਦਾਂ ਰਾਹੀਂ ਸੁਣੀ ਜਾ ਸਕਦੀ ਦਰਸਾਈ ਹੈ। ਇਹੀ ਧੁਨ ਜੇ ਕਿਸੇ ਖੁਸ਼ਕਿਸਮਤ ਮਨੁੱਖ ਦੇ ਅੰਤਰ ਆਤਮੇ ਪ੍ਰਭੂ ਕ੍ਰਿਪਾ ਨਾਲ ਸੁਣ ਜਾਵੇ ਤਾਂ ਉਸ ਨੂੰ ਜਪੁਜੀ ਦੀਆਂ ਚਾਰੇ "ਸੁਣਿਐ" ਦੀਆਂ ਪੌੜੀਆਂ ਦੀ ਸਚਾਈ ਅਨੁਭਵ ਹੋ ਸਕੇਗੀ ਤੇ ਕੁਦਰਤਿ ਦੇ ਸਾਰੇ ਨਜ਼ਾਰੇ ਜੋ ਬ੍ਰਹਮੰਡ ਵਿੱਚ ਵਿਚਰ ਰਹੇ ਹਨ ਉਹ ਜ਼ਾਹਰਾ ਜ਼ਹੂਰ ਨਜ਼ਰ ਆਉਣੇ ਅਵੱਸ਼ ਹੋ ਜਾਣਗੇ ! ਇਸ ਅਵਸਥਾ ਨੂੰ ਗ੍ਰਹਿਣ ਕਰਨ ਲਈ ਗੁਰੂ ਨਾਨਕ ਸਾਹਿਬ ਨੇ 38 ਵੀਂ ਪੌੜੀ ਜਪੁਜੀ ਵਿੱਚ ਸਚ ਅਚਾਰ ਦੀ ਧਾਰਨਾ ਪ੍ਰਤਿ ਕੁਦਰਤਿ ਵਿੱਚ ਪ੍ਰਚੱਲਿਤ ਸੁਨਿਆਰ ਦੀ ਦੁਕਾਨ ਵਿੱਚ ਸੋਨੇ ਨੂੰ ਸ਼ੁੱਧਤਾ ਦੀ ਹਾਲਤ ਪਹੁਚਣ ਤਕ ਪੜਾਵਾਂ ਦਾ ਜਿਕਰ ਕੀਤਾ ਹੈ। ਇਸੀ ਤਰਾਂ ਮਨੁੱਖ ਨੂੰ ਇਹ ਪੜਾ ***ਜਤੁ, ਧੀਰਜ, ਮਤਿ ਵੇਦ, ਭਉ, ਤਪ, ਭਾਉ*** ਨੂੰ ਅਪਣਾ ਕੇ ਸਚ ਦੀ ਧੁਨ ੴ ਸੁਨਣ ਦਾ ਸੁਭਾਗਾ ਸਮਾਂ ਮਿਲ ਸਕੇਗਾ।

ਜੇ ਇਸੀ ਸ਼ਬਦ ੴ ਦਾ ਜਾਪ ਅੰਮ੍ਰਿਤ ਵੇਲੇ ਪੂਰਨ ਸ਼ਰਧਾ ਨਾਲ ਮਨ ਟਿਕਾ ਕੇ ਕੀਤਾ ਜਾਵੇ ਤਾਂ ਹੌਲੀ ਹੌਲੀ ਬਾਕੀ ਚਾਰੇ ਖੰਡਾਂ ਦੀ ਜਾਣਕਾਰੀ ਅੰਤਰ ਆਤਮੇ ਸਹਿਜੇ ਹੀ ਮਿਲ ਸਕੇਗੀ। ਸਚਖੰਡ ਤੋਂ ਇਲਾਵਾ ਚਾਰੇ ਖੰਡ ਕੁਦਰਤਿ ਦੀ ਜਾਣਕਾਰੀ ਬਾਰੇ ਹਨ, ਜਿਵੇਂ ਕਿ :

***ਧਰਮ ਖੰਡ*** - ਕੁਦਰਤਿ ਵਿੱਚ ਪ੍ਰਭੂ ਰਚਨਾਪਵਨ, ਪਾਣੀ, ਧਰਤੀ ਬਨਸਪਤੀ ਤੇ ਪੰਚ ਜਨ ਜਿਹਨਾਂ ਤੇ ਪ੍ਰਭੂ ਦੀ ਬਖਸ਼ਿਸ਼ ਦੀ ਛਾਪ ਲਗਦੀ ਹੈ

***ਗਿਆਨ ਖੰਡ*** -ਕੁਦਰਤਿ ਦੇ ਵਿਸਥਾਰ ਦਾ ਵਰਨਣ ਹੈ

***ਸਰਮ ਖੰਡ*** -ਕੁਦਰਤਿ ਦੇ ਸੂਖਮ ਰੂਪ ਦਾ ਵਰਨਣ ਹੈ

***ਕਰਮ ਖੰਡ*** -ਜੋ ਮਨੁੱਖ ਪ੍ਰਮਾਤਮਾ ਦੀ ਕਲਾ, ਜ਼ਰੇ ਜ਼ਰੇ ਵਿੱਚ ਵੇਖਦੇ ਹਨ ਤੇ ਪੂਰਨ ਬਖਸ਼ਿਸ਼ ਦੇ ਧਾਰਨੀ ਹਨ , ਦਾ ਜ਼ਿਕਰ ਹੈ

ਇਹ ਚਾਰੇ ਖੰਡ , ਸਚ ਖੰਡ ਚ ਸਮਾਏ ਹੋਏ ਹਨ ਜੋ ਕੁਦਰਤਿ ਹੀ ਹੈ ! ਕੁਦਰਤਿ ਪ੍ਰਮਾਤਮਾ ਚ ਸਮਾਈ ਹੋਈ ਹੈ ਤੇ ਪ੍ਰਮਾਤਮਾ ਕੁਦਰਤਿ ਵਿੱਚ । ਕੁਦਰਤਿ ਹੀ ਸਚ ਖੰਡ ਹੈ ਤੇ ਪ੍ਰਮਾਤਮਾ ਦਾ ਹੀ ਘਰ ਜਾਪਦਾ ਹੈ ।

*3027 / 27 ਡੀ, ਚੰਡੀਗੜ੍ਹ -160019*

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਰਾਗ, ਗਾਉਣ-ਸਮਾਂ ਅਤੇ ਮਹੱਤਵ

## ਪ੍ਰੋ: ਹਰਸੁਖ ਮਨਜੀਤ ਸਿੰਘ

ਸੰਗੀਤ ਅਕਾਲ ਪੁਰਖ ਦੀ ਆਪਣੀ ਭਾਸ਼ਾ ਹੈ, ਜੋ ਕਿ ਮਨ ਵੱਸ ਵਿਚ ਕਰਨ, ਤਨ 'ਤੇ ਜਾਦੂ ਕਰਨ ਅਤੇ ਰੂਹ ਵਿਚ ਖੇੜਾ ਲਿਆਉਣ ਦੇ ਸਮਰੱਥ ਹੈ। ਇਸੇ ਲਈ ਗੁਰੂ ਸਾਹਿਬ ਨੇ 'ਧੁਰ ਕੀ ਬਾਣੀ' ਨੂੰ ਰਾਗਾਂ ਵਿਚ ਰਚ ਕੇ ਇਸ ਨੂੰ ਅਲੌਕਿਕ ਜਾਦੂਮਈ, ਅਨੰਦਮਈ ਅਤੇ ਖੂਬਸੂਰਤ ਬਣਾਇਆ ਹੈ। ਰਾਗਾਂ ਦੇ ਵਿਚ ਵਿਭਿੰਨਤਾ ਹੈ, ਵਿਸ਼ਾਲਤਾ ਹੈ, ਡੂੰਘਾਈ ਹੈ। ਸਮੇਂ ਅਤੇ ਰਾਗ ਦਾ ਆਪਸ ਵਿਚ ਗੂੜਾ ਅਤੇ ਅਟੁੱਟ ਸਬੰਧ ਮੰਨਿਆ ਜਾਂਦਾ ਹੈ। ਇਸ ਚਿ ਕੋਈ ਸ਼ੱਕ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਬਾਣੀ ਰਾਗਾਂ ਵਿਚ ਉਚਾਰਣ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ "ਤਤਕਰਾ ਰਾਗਾਂ ਕਾ' ਦੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਵਿਭਿੰਨ ਰਾਗਾਂ ਦੀ ਗਿਣਤੀ 31 ਹੈ, ਜਿਨ੍ਹਾਂ ਦੇ ਲੜੀਵਾਰ ਨਾਮ ਨਿਮਨਿਲਿਖਤ ਹਨ: ਸ੍ਰੀ ਰਾਗ, ਰਾਗ ਮਾਝ, ਰਾਗ ਗਉੜੀ, ਰਾਗ ਆਸਾ, ਰਾਗ ਗੂਜਰੀ, ਰਾਗ ਦੇਵ ਗੰਧਾਰੀ, ਰਾਗ ਬਿਹਾਗੜਾ, ਰਾਗ ਵਡਹੰਸੁ, ਰਾਗ ਸੋਰਠਿ, ਰਾਗ ਧਨਾਸਰੀ, ਰਾਗ ਜੈਤਸਰੀ, ਰਾਗ ਟੋਡੀ, ਰਾਗ ਬੈਰਾੜੀ, ਰਾਗ ਤਿਲੰਗ, ਰਾਗ ਸੂਹੀ, ਰਾਗ ਬਿਲਾਵਲੁ, ਰਾਗ ਗੋਂਡ, ਰਾਗ ਰਾਮਕਲੀ, ਰਾਗ ਨਟ ਨਾਰਾਇਣ, ਰਾਗ ਮਾਲੀ ਗਉੜਾ, ਰਾਗ ਮਾਰੂ, ਰਾਗ ਤੁਖਾਰੀ, ਰਾਗ ਕੇਦਾਰਾ, ਰਾਗ ਭੈਰਉ, ਰਾਗ ਬਸੰਤੁ, ਰਾਗ ਸਾਰੰਗ, ਰਾਗ ਮਲਾਰ, ਰਾਗ ਕਾਨੜਾ, ਰਾਗ ਕਲਿਆਣ, ਰਾਗ ਪ੍ਰਭਾਤੀ, ਰਾਗ ਜੈਜਾਵੰਤੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1429-30 'ਤੇ ਅੰਕਿਤ 'ਰਾਗ ਮਾਲਾ' ਵਿਚ ਦਰਸਾਏ ਰਾਗਾਂ ਦੀ ਗਿਣਤੀ ਪੂਰੇ 'ਰਾਗ ਪਰਵਾਰ' ਨੂੰ ਮਿਲਾ ਕੇ ਕੁੱਲ 'ਚੁਰਾਸੀ' ਬਣਦੀ ਹੈ, ਜਿਵੇਂ ਕਿ ਅੰਤਲੀਆਂ ਤੁਕਾਂ ਤੋਂ ਜ਼ਾਹਿਰ ਹੈ,

*ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ॥*

*ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ॥ ੧॥"*

ਇਸ ਦਾ ਭਾਵ ਹੈ ਕਿ ਕੁੱਲ ਜੋੜਦਿਆਂ ਹੋਇਆਂ ਖਸਟ ਰਾਗ ਭਾਵ 6 ਰਾਗ, 30 ਰਾਗਣੀਆਂ ਜੋੜ ਕੇ 36, ਅਤੇ ਇਨ੍ਹਾਂ ਛੱਤੀ ਰਾਗਾਂ ਦੇ ਮੇਲ-ਮਿਲਾਪ ਦੇ ਨਾਲ 84 ਪੁੱਤਰ ਪ੍ਰਗਟ ਹੁੰਦੇ ਹਨ। ਅਠਾਹਰ+ਦਸ+ਬੀਸ ਦਾ ਜੋੜ 84 ਬਣਦਾ ਹੈ। ਇੰਜ ਕੁੱਲ ਜੋੜ ਰਾਗ ਤੇ ਰਾਗਣੀਆਂ 36+ ਰਾਗਾਂ ਦੇ ਪੁੱਤਰ 48 =84 ਬਣਦੇ ਹਨ। ਰਾਗਾਂ ਦੇ ਵਿਚ ਲਿਖੀ ਗੁਰਬਾਣੀ ਨੂੰ ਮਨ ਵਿਚ ਵਸਾਉਣ ਵਾਲੇ ਅਤੇ ਇਸ 'ਤੇ ਅਮਲ ਕਰਨ ਵਾਲੇ ਦਾ ਕਲਿਆਣ ਹੁੰਦਾ ਹੈ। 'ਗੁਰੂ ਗ੍ਰੰਥ ਸੰਕੇਤ ਕੋਸ਼' ਪੁਸਤਕ ਦੇ ਵਿਚ ਪ੍ਰੋ: ਪਿਆਰਾ ਸਿੰਘ ਪਦਮ ਨੇ ਰਾਗਾਂ ਨੂੰ ਗਾਉਣ ਦਾ ਸਮਾਂ ਅੰਕਿਤ ਕੀਤਾ ਹੈ। ਭਾਈ ਵੀਰ ਸਿੰਘ, ਪ੍ਰੋ: ਸਾਹਿਬ ਸਿੰਘ ਅਤੇ ਡਾ. ਹਰਭਜਨ ਸਿੰਘ ਦੁਆਰਾ ਰਾਗਾਂ ਵਿਚ ਬਾਣੀ ਗਾਉਣ ਦੀ ਵਰਣਨ ਪਰੰਪਰਾ ਤੇ ਹਦਾਇਤ ਦੀ ਪ੍ਰੋੜਤਾ ਕਰਦਿਆਂ ਪੇਸ਼ ਕੀਤੇ ਵਿਚਾਰਾਂ ਨਿੱਜੀ ਅਨੁਭਵ ਅਤੇ ਸਵੈ ਵਿਸ਼ਲੇਸ਼ਣ ਦੇ ਅਧਾਰ ਤੇ ਹਰ ਰਾਗ ਦੇ ਗਾਉਣ ਦਾ ਸਮਾਂ ਦਿੱਤਾ ਜਾ ਰਿਹਾ ਹੈ।

ਸਿਰੀ ਰਾਗੁ, ਜਿਸ ਬਾਰੇ 'ਰਾਗਨ ਮੇ ਸਿਰੀ ਰਾਗ ਪਾਰਸ ਬਖਾਨ ਹੈ' ਦਾ ਗੁਰਕਥਨ ਹੈ, ਪੂਰਵੀ ਥਾਟ ਦਾ ਔੜਵ ਸੰਪੂਰਨ ਰਾਗੁ, ਜੋ ਕਿ ਛੇ ਮੁੱਖ ਰਾਗਾਂ ਦੇ ਵਿਚੋਂ ਇਕ ਮੰਨਿਆ ਜਾਂਦਾ ਹੈ, ਦਾ ਗਾਉਣ ਦਾ ਸਮਾਂ ਸ਼ਾਮ ਦਾ ਹੈ। ਇਹ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 14 ਤੋਂ 93 ਤੱਕ ਅੰਕਿਤ ਹੈ। ਭਾਰਤ ਦੀ ਰਾਗ ਸੰਗਲੀ ਦਾ ਇਹ ਇਕ ਪੁਰਾਣਾ ਪਰ ਕਠਨ ਰਾਗ ਹੈ, ਜਿਸ ਨੂੰ ਸੁਘੜ ਸੰਗੀਤਕਾਰ ਹੀ ਗਾ ਸਕਦੇ ਹਨ। ਵੰਨਗੀ, "ਮੋਤੀ ਤ ਮੰਦਰ ਊਸਰਹਿ, ਰਤਨੀ ਤ ਹੋਹਿ ਜੜਾਉ॥"

ਰਾਗ ਮਾਝ ਦਾ ਗਾਉਣ ਦਾ ਸਮਾਂ ਚੌਥਾ ਪਹਿਰ ਹੈ। ਇਹ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 94 ਤੋਂ 137 ਤਕ ਅਤੇ 'ਵਾਰ ਮਾਝ ਕੀ' ਵਿਚ ਪੰਨਾ 137 ਤੋਂ 150 ਤਕ ਅੰਕਿਤ ਹੈ। ਪੰਜਾਬ ਦੇ ਮਾਝੇ ਇਲਾਕੇ ਵਿਚ ਪ੍ਰਚਲਤ ਸੰਗੀਤਕ ਅਤੇ ਲੋਕ ਧੁਨਾਂ ਤੋਂ ਉਪਜਿਆ ਹੋਣ ਕਰਕੇ ਇਹ ਨਿਰੋਲ ਪੰਜਾਬੀ ਰਾਗ ਹੈ, ਜੋ ਕਿ ਠੇਠ ਪੰਜਾਬੀ ਵਿਚ ਰਚੀ ਗੁਰਬਾਣੀ ਨਾਲ ਜੁੜਿਆ ਹੋਇਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਬਾਰਹਮਾਹ ਮਾਝ' ਰਚਿਆ ਹੈ। 'ਰਾਗ ਮਾਲਾ' ਵਿਚ ਇਸ ਦਾ ਜ਼ਿਕਰ ਨਹੀਂ ਛੇੜਿਆ ਗਿਆ। ਵੰਨਗੀ, "ਹਰਿ ਜਪਿ ਜਪੇ ਮਨੁ ਧੀਰੇ॥'

ਰਾਗ ਗਉੜੀ ਬਾਰੇ 'ਗਉੜੀ ਰਾਗਿ ਸੁਲਖਣੀ' ਦਾ ਗੁਰ

ਕਥਨ ਹੈ ਅਤੇ ਸਭ ਤੋਂ ਵਧ ਬਾਣੀ ਇਸ ਰਾਗ ਵਿਚ ਉਚਾਰੀ ਗਈ ਹੈ, ਜੋ ਕਿ ਪੰਨਾ 12-13 ਅਤੇ 151-346 ਤਕ ਅੰਕਿਤ ਹੈ। ਇਸ ਗੰਭੀਰ ਰਾਗ ਦੇ ਵਿਚ ਗੰਭੀਰ ਬਾਣੀ ਉਸਾਰੀ ਗਈ ਹੈ। ਇਸ ਰਾਗ ਦੀਆਂ 12 ਵੰਨਗੀਆਂ ਵਿਚੋਂ ਗੁਆਰੇਰੀ, ਚੇਤੀ, ਬੈਰਾਗਣਿ, ਪੂਰਵੀ ਦੀਪਕੀ ਅਤੇ ਮਾਝ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚ ਸ਼ਾਮਲ ਹਨ। ਵੰਨਗੀ, *"ਤੂੰ ਮੇਰਾ ਬਹੁ ਮਾਣੁ ਕਰਤੇ ਤੂੰ ਮੇਰਾ ਬਹੁ ਮਾਣੁ॥"* ਰਾਗ ਗਉੜੀ ਦਾ ਗਾਉਣ ਦਾ ਸਮਾਂ ਵੀ ਚੌਥਾ ਪਹਿਰ ਹੀ ਹੈ।

ਰਾਗ ਆਸਾ ਵਿਚ ਬਾਣੀ ਪੰਨਾ 8-12 ਅਤੇ 347-488 ਤਕ ਅੰਕਿਤ ਹੈ। ਇਸ ਰਾਗ ਦਾ ਗਾਉਣ ਸਮਾਂ ਤੜਕਸਾਰ ਹੈ। ਸਰਘੀ ਸਮੇਂ ਜਦ ਸਾਰੀ ਕਾਇਨਾਤ ਵਿਸਮਾਦੀ ਅਨੰਦ ਵਿਚ ਅੰਮ੍ਰਿਤ ਵੇਲੇ ਦਾ ਸਵਾਦ ਚੱਖਦੀ ਹੈ, ਤਾਂ ਇਹ ਰਾਗ ਗਾਉਣ ਤੇ ਸੁਣਨ ਵਾਲਾ ਝੂਮ ਉਠਦਾ ਹੈ। ਕਈ ਇਸ ਦਾ ਗਾਇਨ ਸ਼ਾਮ ਸਮੇਂ ਵੀ ਕਰ ਲੈਂਦੇ ਹਨ। ਛੇ ਗੁਰੂਆਂ ਤੋਂ ਇਲਾਵਾ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ, ਭਗਤ ਧੰਨਾ ਜੀ ਅਤੇ ਬਾਬਾ ਫਰੀਦ ਜੀ ਦੀ ਬਾਣੀ ਦੇ ਇਲਾਹੀ ਕਲਾਮ ਇਸ ਰਾਗ ਵਿਚ ਅੰਕਿਤ ਹਨ। ਵੰਨਗੀ, *"ਜਿਸੁ ਨੀਚ ਕਉ ਕੋਈ ਨ ਜਾਨੈ॥ ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥"* ਇਸ ਦੇ ਉਲਟ ਆਸਾਵਾਰੀ ਦਾ ਗਾਉਣ ਸਮਾਂ ਸੂਰਜ ਚੜ੍ਹਨ ਤੋਂ ਲੈ ਕੇ ਦਿਨ ਦੇ ਦੂਜੇ ਪਹਿਰ ਤਕ ਹੈ। ਰਾਗ ਗੂਜਰੀ, ਜਿਸ ਬਾਰੇ *"ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ"* ਦਾ ਗੁਰ ਕਥਨ ਹੈ, ਦਿਨ ਚੜ੍ਹੇ ਤੋਂ ਬਾਅਦ ਗਾਇਆ ਜਾਣ ਵਾਲਾ ਰਾਗ ਉੱਤਰ ਤੋਂ ਮੱਧ ਭਾਰਤ ਵਿਚ ਕਾਫੀ ਪ੍ਰਸਿੱਧ ਹੈ। ਇਸ ਵਿਚ ਬਾਣੀ ਮਹਲਾ ਤੀਜਾ ਤੇ ਅੰਤਰਗਤ ਪੰਨਾ 516 'ਤੇ ਦਰਜ ਹੈ। ਦੁਪਹਿਰ ਸਮੇਂ ਅਕਸਰ ਗਾਇਆ ਜਾਣ ਵਾਲਾ ਇਹ ਰਾਗ ਕਾਫੀ ਪੁਰਾਣਾ ਤੇ ਲੋਕਪ੍ਰਿਯਾ ਹੈ। ਵੰਨਗੀ, *"ਹਰਿ ਕੇ ਜਨ ਸਤਿਗੁਰ ਸਤ ਪੁਰਖਾ ਹਉ ਬਿਨਉ ਕਰਉ ਗੁਰ ਪਾਸਿ॥"*

ਰਾਗ ਦੇਵਗੰਧਾਰੀ ਵਿਚ ਬਹੁਤ ਘੱਟ ਬਾਣੀ ਮਿਲਦੀ ਹੈ, ਜੋ ਕਿ ਸਿਰਫ਼ ਪੰਨਾ 527-537 ਤਕ ਅੰਕਿਤ ਹੈ। ਇਸ ਦੇ ਗਾਉਣ ਦਾ ਸਮਾਂ ਚਾਰ ਘੜੀ ਦਿਨ ਚੜ੍ਹੇ ਭਾਵ ਦਿਨ ਦਾ ਦੂਜਾ ਪਹਿਰ ਹੈ, ਅਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਨੂੰ ਬਿਲਾਵਲ ਠਾਟ ਦੀ ਸੰਪੂਰਨ ਰਾਗਣੀ ਆਖਿਆ ਹੈ। ਇਸ ਵਿਚ ਸਾਰੇ ਸ਼ੁਧ ਸੁਰ ਹਨ। ਇਕ ਸ਼ਬਦ ਦੇਵ ਗੰਧਾਰ ਵਿਚ ਵੀ ਹੈ। ਵੰਨਗੀ, *"ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ॥"*

ਰਾਗ ਬਿਹਾਗੜਾ ਦੇ ਵਿਚ ਲਿਖੀ ਬਾਣੀ ਪੰਨਾ 537 ਤੋਂ 547 ਤਕ ਅਤੇ ਬਿਹਾਗੜੇ ਕੀ ਵਾਰ ਪੰਨਾ547-564 ਤਕ ਅੰਕਿਤ ਹੈ। ਰਾਗ ਬਿਹਾਗੜਾ ਅੱਧੀ ਰਾਤ ਸਮੇਂ ਖਾਮੋਸ਼ੀ ਦੇ ਮਾਹੌਲ ਵਿਚ ਗਾਇਆ ਜਾਣ ਵਾਲਾ ਇਕ ਮਿੱਠਾ, ਮਧੁਰ ਅਤੇ ਪ੍ਰਭਾਵਸ਼ਾਲੀ ਰਾਗ ਹੈ, ਜੋ ਕਿ ਰਾਤ ਨੂੰ ਜੁਦਾਈ ਅਤੇ ਵਿਯੋਗ ਦਾ ਅਹਿਸਾਸ ਕਰਾਉਂਦਾ ਹੋਇਆ ਪ੍ਰਭੂ ਮਿਲਾਪ ਦੀ ਸਿੱਕ ਪੈਦਾ ਕਰਦਾ ਹੈ। ਵੰਨਗੀ, *"ਅਤਿ ਪ੍ਰੀਤਮ ਮਨ ਮੋਹਨਾ ਪ੍ਰਾਨ ਅਧਾਰਾ ਰਾਮ॥"*

ਬਿਲਾਵਲ ਦਿਨ ਦੇ ਦੂਜੇ ਪਹਿਰ ਦਾ ਆਰੰਭਕ ਸਮਾਂ। ਰਾਗ ਵਡਹੰਸ ਵਿਚ ਬਾਣੀ ਪੰਨਾ 557 ਤੋਂ 585 ਤਕ ਅਤੇ ਵਡਹੰਸ ਕੀ ਵਾਰ ਪੰਨਾ 585-594 ਤਕ ਦਰਜ ਹੈ। ਇਸ ਰਾਗ ਦਾ ਗਾਇਣ ਸਮਾਂ ਦੁਪਹਿਰ ਦੇ ਜਾਂ ਰਾਤ ਦੇ ਦੂਜੇ ਪਹਿਰ ਭਾਵ ਅੱਧੀ ਰਾਤ ਹੈ। ਖੁਸ਼ੀ ਦੀਆਂ ਘੋੜੀਆਂ ਅਤੇ ਦੁੱਖਾਂ ਭਰੀਆਂ ਅਲਾਹੁਣੀਆਂ ਆਦਿ ਇਸੇ ਰਾਗ ਵਿਚ ਗਾਈਆਂ ਜਾਂਦੀਆਂ ਹਨ। ਇਸ ਰਾਗ ਦਾ ਨਾਲ ਵਡਹੰਸ ਦਖਣੀ ਦਾ ਰੂਪ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਪਲਭਧ ਹੈ। ਸੰਸਕ੍ਰਿਤ ਗ੍ਰੰਥਾਂ ਵਿਚ ਇਸ ਰਾਗ ਦਾ ਨਾਂ ਵਡ ਹੰਸਿਕਾ ਰਾਗਿਣੀ ਲਿਖਿਆ ਗਿਆ ਹੈ। ਵੰਨਗੀ, *"ਸੇਵਕ ਕੀ ਅਰਦਾਸਿ ਪਿਆਰੇ॥ ਜਪਿ ਜੀਵਾ ਪ੍ਰਭ ਚਰਣ ਤੁਮਾਰੇ॥"*

ਸੋਰਠਿ ਰਾਗ ਪੰਨਾ 595 ਤੋਂ 659 ਤਕ ਦਰਜ ਬਾਣੀ ਵਿਚ ਹੈ। ਸੋਰਠਿ ਰਾਗ ਦੇ ਗਾਉਣ ਦਾ ਸਮਾਂ ਸਨਾਟੇ ਦੀ ਰਾਤ ਦਾ ਦੂਜਾ ਪਹਿਰ ਹੈ ਅਤੇ ਇਸ ਵਿਚਲੀ ਬਾਣੀ ਸਰਲ, ਸਿਖਿਆਦਾਇਕ ਅਤੇ ਸ਼ਰਧਾਮਈ ਹੋਣ ਕਰਕੇ ਛੇਤੀ ਕੰਠ ਹੋ ਜਾਂਦੀ ਹੈ। ਵੰਨਗੀ, *"ਹਰਿ ਮਨਿ ਤਨਿ ਵਸਿਆ ਸੋਈ॥ ਜੈ ਜੈ ਕਾਰੁ ਕਰੇ ਸਭੁ ਕੋਈ॥"*

*"ਧਨਾਸਰੀ ਧਨਵੰਤੀ ਜਾਣੀਐ ਭਾਈ"* ਦੇ ਗੁਰ ਕਥਨ ਵਾਲੇ ਧਨਾਸਰੀ ਰਾਗ ਦਾ ਗਾਉਣ ਸਮਾਂ ਦਿਨ ਦਾ ਤੀਜਾ ਪਹਿਰ ਹੈ ਅਤੇ ਅਕਾਲ ਪੁਰਖ ਦੀ ਆਰਤੀ ਲਈ ਗਾਇਆ ਜਾਣ ਵਾਲਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ "ਗਗਨ ਮੈ ਥਾਲੁ' ਵਾਲਾ ਸ਼ਬਦ ਇਸੇ ਰਾਗ ਵਿਚ ਉਚਾਰਿਆ ਗਿਆ ਹੈ। ਬਾਕੀ ਭਗਤਾਂ ਦੇ ਆਰਤੀ ਦੇ ਸ਼ਬਦ ਵੀ ਇਸੇ ਰਾਗ ਵਿਚ ਹਨ ਅਤੇ ਇਹ ਪੰਨਾ 660 ਤੋਂ 695 ਤਕ ਦਰਜ ਹਨ।

ਰਾਗ ਜੈਤਸਰੀ ਨੂੰ ਭਾਈ ਕਾਨ੍ਹ ਸਿੰਘ ਨਾਭਾ ਨੇ ਜੈਤ ਸ੍ਰੀ, ਜੈਤਸਿਰੀ, ਜਯਤਿਸ੍ਰੀ ਆਦਿ ਨਾਵਾਂ ਨਾਲ ਸੰਬੋਧਿਤ

ਕੀਤਾ ਹੈ, ਜਿਸ ਦੇ ਵਿਚ ਚੌਥੇ ਤੇ ਪੰਚਮ ਪਾਤਸ਼ਾਹ ਨੇ ਬਾਣੀ (ਪੰਨਾ 696-710) ਉਚਾਰੀ ਹੈ। ਦਿਨ ਦੇ ਚੌਥੇ ਪਹਿਰ ਭਾਵ ਸ਼ਾਮ ਵੇਲੇ ਦਾ ਇਹ ਰਾਗ ਸਖਤ ਪ੍ਰਭਾਵ ਉਜਾਗਰ ਕਰਦਾ ਹੈ ਅਤੇ ਮਨ ਖੇੜਾ ਵੀ ਪ੍ਰਦਾਨ ਕਰਦਾ ਹੈ। ਵੰਨਗੀ, ***"ਮੇਰੈ ਹੀਅਰੈ ਰਤਨੁ ਨਾਮੁ ਹਰਿ ਵਸਿਆ.....॥"***

ਰਾਗ ਦਰਬਾਰਾਂ ਦੇ ਵਿਚ ਗਾਇਆ ਜਾਣ ਵਾਲਾ ਪ੍ਰਾਚੀਨ ਪ੍ਰਚਲਤ ਰਾਗ ਟੋਡੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 711 ਤੋਂ 718 ਤਕ ਦਰਜ ਹੈ ਅਤੇ ਇਹ ਰਾਗ ਅਕਾਲ ਪੁਰਖ ਦੀ ਉਸਤਤ ਦੇ ਲਈ ***"ਹਰਿ ਬਿਨੁ ਰਹਿ ਨਾ ਸਕੈ ਮਨੁ ਮੇਰਾ"*** ਅਤੇ ***"ਮਾਗਉ ਦਾਨੁ ਠਾਕੁਰ ਨਾਮ"*** ਸ਼ਬਦਾਂ ਦੇ ਵਿਚ ਵਰਤਿਆ ਗਿਆ ਹੈ ਅਤੇ ਇਹ ਦਿਨ ਦੇ ਦੂਜੇ ਪਹਿਰੇ ਦੇ ਲਈ ਬਣਾਇਆ ਗਿਆ ਹੈ।

ਪੇਚੀਦਾ ਅਤੇ ਅਪ੍ਰਚਲਤ ਬੈਰਾੜੀ ਰਾਗ ਗਾਉਣ ਦਾ ਸਮਾਂ ਸਿਖਰ ਦੁਪਹਿਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਘੱਟ ਵਰਤੇ ਇਸ ਰਾਗ (ਪੰਨਾ 719 ਤੋਂ 720) ਵਿਚ ਚੌਥੇ ਪਾਤਸ਼ਾਹ ਦੇ ਛੇ ਅਤੇ ਪੰਚਮ ਪਾਤਸ਼ਾਹ ਦਾ ਇਕ ਸ਼ਬਦ ਦਰਜ ਹਨ। ਵੰਨਗੀ, ***"ਜਪਿ ਮਨ ਹਰਿ ਨਿਰੰਜਨੁ ਨਿਰੰਕਾਰਾ॥"***

ਰਾਗ ਤਿਲੰਗ ਪੰਨਾ 721 ਤੋਂ 727 ਤਕ ਲਿਖੀ ਬਾਣੀ ਨਾਲ ਸਬੰਧਿਤ ਹੈ, ਜਿਸ ਵਿਚ ਕੁਝ ਗੁਰੂ ਸਾਹਿਬਾਨ ਅਤੇ ਭਗਤ ਕਬੀਰ ਜੀ ਅਤੇ ਭਗਤ ਨਾਮਦੇਵ ਜੀ ਨੇ ਮਨੁੱਖੀ ਮਨ ਨੂੰ ਪ੍ਰਭੂ ਭਗਤੀ ਵਿਚ ਮਨ ਜੋੜਨ ਲਈ ਸਮਝਾਉਣ ਦੇ ਲਈ ਬਾਣੀ ਉਚਾਰੀ ਹੈ ਜਿਵੇਂ, ***"ਤੁਧੁ ਬਿਨੁ ਦੂਜਾ ਨਾਹੀ ਕੋਈ॥ ਤੂ ਕਰਤਾਰੁ ਕਰਹਿ ਸੋ ਹੋਇ॥"*** ਰਾਗ ਸੂਹੀ ਉਮਾਹ ਅਤੇ ਉਤਸ਼ਾਹ ਦਾ ਅਪ੍ਰਚਲਤ ਰਾਗ ਹੈ, ਜਿਸ ਦੇ ਅਧੀਨ 728-794 ਤਕ ਬਾਣੀ ਮਿਲਦੀ ਹੈ। ਦਿਨ ਦੇ ਦੂਜੇ ਪਹਿਰ ਗਾਏ ਜਾਣ ਵਾਲੇ ਇਸ ਰਾਗ ਵਿਚ ***"ਜੇ ਭੁਲੀ ਜੇ ਚੁਕੀ ਸਾਈ ਭੀ ਤਹਿੰਜੀ ਕਾਢੀਆ"*** ਵਰਗੇ ਸ਼ਬਦ ਉਚਾਰੇ ਗਏ ਹਨ। ਸੂਹੀ ਦਾ ਸ਼ਾਬਦਿਕ ਅਰਥ ਔਰਤ ਵਲੋਂ ਆਪਣੇ ਤੋਂ ਵੱਡੇ ਦੇ ਪੈਰਾਂ 'ਤੇ ਮੱਥਾ ਟੇਕਣਾ ਹੈ। ***"ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ"*** ਦੇ ਗੁਰ ਕਥਨ ਵਾਲਾ ਖੁਸ਼ੀ ਦਾ ਇਹ ਰਾਗ 795 ਤੋਂ 858 ਪੰਨੇ ਤਕ ਬਾਣੀ ਦੇ ਵਿਚ ਆਉਂਦਾ ਹੈ। ਦਿਨੇ ਦੇ ਦੂਜੇ ਪਹਿਰ ਦੇ ਆਰੰਭ ਵਿਚ ਗਾਏ ਜਾਣ ਵਾਲੇ ਇਸ ਖੁਸ਼ੀ ਦੇ ਰਾਗ ਦੇ ਵਿਚ ਸਾਰੇ ਸੁਰ ਸ਼ੁਧ ਹਨ। ਵੰਨਗੀ, ***"ਸਫਲ ਜਨਮੁ ਮੋ ਕਉ ਗੁਰ ਕੀਨਾ॥ ਦੁਖ ਬਿਸਾਰਿ ਸੁਖ ਅੰਤਰਿ ਲੀਨਾ॥"*** ਰਾਗ ਗੋਂਡ ਸੰਪੂਰਨ ਜਾਤੀ ਦਾ ਰਾਗ ਹੈ, ਜਿਸ ਦੇ ਵਿਚ 15 ਭਗਤਾਂ ਦੀ ਬਾਣੀ ਦਰਜ ਹੈ। ਘੱਟ ਪ੍ਰਚੱਲਤ, ਪਰ ਇਸ ਮਧੁਰ ਰਾਗ ਦਾ ਗਾਇਨ ਸਮਾਂ ਸਿਖਰ ਦੁਪਹਿਰ ਹੈ। ਵੰਨਗੀ, ***"ਕਰਿ ਨਮਸਕਾਰ ਪੂਰੇ ਗੁਰਦੇਵ॥ ਸਫਲ ਮੂਰਤਿ ਸਫਲ ਜਾ ਕੀ ਸੇਵ॥"***

***"ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ"*** ਗੁਰ ਕਥਨ ਵਾਲਾ ਰਾਗ ਰਾਮਕਲੀ ਸੂਰਜ ਨਿਕਲਣ ਤੋਂ ਲੈ ਕੇ ਪਹਿਲੇ ਪਹਿਰ ਦਿਨ ਚੜ੍ਹੇ ਤੱਕ ਹੈ। ਗੁਰੂ ਅਮਰਦਾਸ ਜੀ ਨੇ ***"ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ"*** ਨਾਲ ਇਸ ਰਾਗ ਨੂੰ ਪ੍ਰਾਰੰਭ ਕੀਤਾ ਹੈ। ਨਾਮਵਰ ਬਾਣੀ ਅਨੰਦ ਸਾਹਿਬ ਰਾਮਕਲੀ ਰਾਗ ਦੇ ਵਿਚ ਰਚ ਕੇ ਇਸ ਰਾਗ ਨੂੰ ਪ੍ਰਸਿਧ ਕੀਤਾ।

ਮੇਘ ਰਾਜ ਦਾ ਪੁੱਤਰ ਨਟ ਨਰਾਇਣ ਸ਼ਾਮ ਸਮੇਂ ਚੌਥੇ ਪਹਿਰ ਗਾਇਆ ਜਾਣ ਵਾਲਾ ਰਾਗ ਹੈ। ਸੋਮੇਸ਼ਵਰ ਸੰਗੀਤ ਦੀ ਧਾਰਨਾ ਅਨੁਸਾਰ ਇਹ ਛੇ ਰਾਗਾਂ ਵਿਚ ਹੈ ਅਤੇ ਨਟ, ਬਿਲਾਵਲ ਅਤੇ ਕਲਿਆਣ ਦੇ ਸੁਮੇਲ ਤੋਂ ਬਣਦਾ ਹੈ, ਜੋ ਕਿ ਸਭ ਸ਼ੁੱਧ ਸਵਰਾਂ ਵਾਲਾ ਸੰਪੂਰਨ ਜਾਤੀ ਦਾ ਰਾਗ ਹੈ। ਮਹਾਨ ਕੋਸ਼ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਦਸਮ ਗ੍ਰੰਥ' ਵਿਚ ਇਸ ਦਾ ਨਾਮ ਨਟਨਾਇਕ ਵੀ ਹੈ। ਪੰਨਾ 975 ਤੋਂ 983 ਤਕ ਦਰਜ ਇਸ ਰਾਗ ਵਿਚ ਚੌਥੇ ਤੇ ਪੰਜਵੇਂ ਪਾਤਸ਼ਾਹ ਨੇ ਹੀ ਬਾਣੀ ਰਚੀ ਹੈ। ਜਿਸ ਦੀ ਇਕ ਵੰਨਗੀ, ***"ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ"*** ਹੈ। ਸੋਰਠਿ ਅਤੇ ਗਉੜੀ ਮਿਲ ਕੇ ਰਾਗ ਮਾਲੀ ਗਉੜਾ ਬਣਦਾ ਹੈ, ਜਿਸ ਨੂੰ ਗਾਉਣ ਦਾ ਵਿਧਾਨ ਦਿਨ ਢਲਣ ਸਮੇਂ ਤੀਜੇ ਤੇ ਚੌਥੇ ਪਹਿਰ ਦਾ ਹੈ। ਇਹ ਇਕ ਅਪ੍ਰਚਲਤ ਅਤੇ ਮੁਸ਼ਕਲ ਰਾਗ ਹੈ, ਪਰ ਇਸ ਦੇ ਸੁਣਨ ਨਾਲ ਮਨ ਵਿਚ ਖੁਸ਼ੀਆਂ ਖੇੜੇ ਆ ਜਾਂਦੇ ਹਨ। ਇਸ ਦੇ ਵਿਚ ਦੋ ਗੁਰੂ ਸਾਹਿਬਾਨ ਅਤੇ ਇਕ ਭਗਤ ਸਾਹਿਬ ਦੇ ਕੁਝ ਸ਼ਬਦ (ਪੰਨਾ 984 ਤੋਂ 989) ਦਰਜ ਹਨ, ਜਿਵੇਂ ***"ਮੇਰਾ ਮਨੁ ਰਾਮ ਨਾਮਿ ਰਸਿ ਲਾਗਾ॥"***

***"ਗੁਰ ਕੈ ਸਬਦਿ ਅਰਾਧੀਐ ਨਾਮਿ ਰੰਗਿ ਬੈਰਾਗੁ"*** ਵਾਲੇ ਮਾਰੂ ਰਾਗ (ਪੰਨਾ 989 ਤੋਂ 1106) ਨੂੰ ਮਾਲਕੌਂਸ ਦਾ ਪੁੱਤਰ ਮੰਨਿਆ ਜਾਂਦਾ ਹੈ। ਜੰਗਾਂ, ਯੁੱਧਾਂ ਸਮੇਂ ਗਾਇਆ ਜਾਣ ਵਾਲਾ ਜੰਗੀ ਰਾਗ ਪ੍ਰਾਣੀ ਦੇ ਅਕਾਲ ਚਲਾਣੇ ਸਮੇਂ ਅਕਸਰ ਗਾਇਆ ਜਾਂਦਾ ਹੈ। ਉਂਜ ਗਾਉਣ ਦਾ ਸਮਾਂ ਤੀਜਾ ਪਹਿਰ ਹੈ। ਗੁਰਬਾਣੀ ਦੇ ਵਿਚ ਨੇਕ ਕਰਮਾਂ ਲਈ ਜੋਸ਼ ਪੈਦਾ ਕਰਨ ਅਤੇ ਕਾਮ, ਕ੍ਰੋਧ, ਜਿਹੇ ਵਿਕਾਰੀ ਭਾਵਾਂ

ਦੇ ਨਾਸ਼ ਲਈ ਉਤਸ਼ਾਹ ਪੈਦਾ ਕਰਨ ਲਈ ਇਹ ਅਲਾਪਿਆ ਜਾਂਦਾ ਹੈ। ਵੰਨਗੀ, ***"ਮਾਨ ਮੋਹ ਅਰੁ ਲੋਭ ਵਿਕਾਰਾ ॥"***

ਰਾਗ ਤੁਖਾਰੀ (ਪੰਨਾ 1107 ਤੋਂ 1117) ਸੀਤਲਤਾ ਦਾ ਰਾਗ ਹੈ। ਇਸ ਦੀ ਗਵੈਸ਼ ਦਿਨ ਚੜ੍ਹੇ ਹੀ ਕੀਤੀ ਜਾਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਿਰਜੇ ਇਸ ਰਾਗ ਦੇ ਵਿਚ ਚੌਥੇ ਅਤੇ ਪੰਜਵੇਂ ਪਾਤਸ਼ਾਹ ਨੇ ਵੀ ਮਾਨਵ ਦੀ ਖਾਮੋਸ਼ੀ ਨੂੰ ਅਕਾਲ ਪੁਰਖ ਦੀ ਅਰਾਧਨਾ ਵਿਚ ਸਮਰਪਤ ਕਰਨ ਲਈ ਇਸ ਦੀ ਵਰਤੋਂ ਕੀਤੀ ਹੈ, ਜਿਵੇਂ ***"ਘੋਲਿ ਘੁਮਾਈ ਲਾਲਨਾ ਗੁਰਿ ਮਨੁ ਦੀਨਾ॥ ਸੁਣਿ ਸਬਦੁ ਤੁਮਾਰਾ ਮੇਰਾ ਮਨੁ ਭੀਨਾ॥"*** ***ਕੇਦਾਰਾ ਰਾਗਾ ਵਿਚ ਜਾਣੀਐ ਭਾਈ ਸਬਦੇ ਕਰੇ ਪਿਆਰੁ"*** ਦੇ ਗੁਰਵਾਕ ਵਾਲਾ ਰਾਗ ਕੇਦਾਰਾ (ਪੰਨਾ 1118-1124), ਰਾਤ ਦੇ ਦੂਜੇ ਪਹਿਰ ਗਾਇਆ ਜਾਣ ਵਾਲਾ ਰਾਗ ਹੈ। ਕਲਿਆਨ ਠਾਟ ਦਾ ਇਹ ਸੰਪੂਰਨ ਰਾਗ ਹੈ। ਵੰਨਗੀ, ***"ਹਰਿ ਕੇ ਦਰਸਨ ਕੋ ਮਨਿ ਚਾਉ॥"***

ਭੈਰਉ (ਪੰਨਾ 1125-1167) ਛੇ ਮੁੱਖ ਰਾਗਾਂ ਦੇ ਵਿਚੋਂ ਇਕ ਹੈ, ਜਿਸ ਦਾ ਗਾਉਣ ਦਾ ਸਮਾਂ ਪ੍ਰਭਾਤ ਹੈ, ਅੰਮ੍ਰਿਤ ਵੇਲਾ। ਝਾਂਲਾਂਘੇ। ਚੌਕੇ ਪਹਿਰ ਸੁਭਹ ਕੇ। ਇਸ ਦੀ ਵੰਨਗੀ, ***"ਆਉ ਕਲੰਦਰ ਕੇਸਵਾ॥ ਕਰਿ ਅਬਦਾਲੀ ਭੇਸਵਾ"*** ਹੈ।

***"ਬਨਸਪਤਿ ਮਉਲੀ ਚੜਿਆ ਬਸੰਤੁ"*** ਵਾਲਾ ਰਾਗ ਬਸੰਤ (ਪੰਨਾ 1168-1196) ਹਿੰਡੋਲ ਅਤੇ ਮਾਲਕੌਂਸ ਦਾ ਸੁਮੇਲ ਹੈ। ਗਾਇਣ ਸਮਾਂ ਫੱਗਣ ਚੇਤ ਮਹੀਨਾ ਬਸੰਤ ਰੁੱਤ। ਭਾਵੇਂ ਕਿ ਇਹ ਰਾਗ ਕਿਸੇ ਵੀ ਸਮੇਂ ਗਾਇਆ ਜਾ ਸਕਦਾ ਹੈ, ਪਰ ਦਿਨ ਦਾ ਦੂਜਾ ਪਹਿਰ ਜਾਂ ਰਾਤ ਦਾ ਸਮਾਂ ਇਸ ਲਈ ਵਧੇਰੇ ਉਪਯੁਕਤ ਮੰਨਿਆ ਗਿਆ ਹੈ। ਇਸ ਦੀ ਵੰਨਗੀ, ***"ਬਸੰਤ ਚੜਿਆ ਫੂਲੀ ਬਨਰਾਇ॥ ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ"*** ਹੈ।

ਰਾਗ ਸਾਰੰਗ (ਪੰਨਾ 1197 - 1253) ਪਿਆਰ ਸਹਿਤ ਪਪੀਹੇ ਵਾਂਗ, ਘਨਹਰ ਬੂੰਦ ਦੀ ਪਿਆਸ, ਆਸ ਨੂੰ ਲੈ ਕੇ ਦੁਪਹਿਰ ਸਮੇਂ ਗਾਇਆ ਜਾਣ ਵਾਲਾ ਇਕ ਮਨਮੋਹਕ ਰਾਗ ਹੈ। ਇਸ ਰਾਗ ਦਾ ਸੁਭਾਅ ਸੀਤਲ ਅਤੇ ਮਨ ਨੂੰ ਠੰਡਕ ਪਹੁੰਚਾਉਣ ਵਾਲਾ, ਭਟਕਣਾ ਮਿਟਾਉਣ ਵਾਲਾ ਹੈ, ਜਿਸ ਦੀ ਵੰਨਗੀ ***"ਕਹਾ ਨਰ ਅਪਨੋ ਜਨਮੁ ਗਵਾਵੈ"*** ਹੈ।

ਸਾਰੰਗ, ਸੋਰਠਿ ਅਤੇ ਬਿਲਾਵਲ ਮਿਲ ਕੇ ਰਾਗ ਮਲਾਰ ਬਣਿਆ ਹੈ, ਜਿਸ ਬਾਰੇ ***"ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸ਼ਾਂਤਿ ਹੋਇ"*** ਦਾ ਗੁਰਵਾਕ ਹੈ। ਘਨਘੋਰ, ਕਿਣ-ਮਿਣ ਕਣੀਆਂ ਦੀ ਛਹਿਬਰ, ਮੋਹਲੇਧਾਰ ਵਰਖਾ ਨਾਲ ਸਬੰਧਤ ਇਹ ਰਾਗ ਨਵੇਂ ਜਜ਼ਬੇ ਅਤੇ ਵਲਵਲੇ ਉਤਪੰਨ ਕਰਦਾ ਹੈ ਅਤੇ ਚਾਅ ਉਭਾਰਦਾ ਹੈ, ਜਿਸ ਦੀ ਉਦਾਹਰਣ ***"ਪਰਮੇਸਰੁ ਹੋਆ ਦਇਆਲੁ॥ ਮੇਘੁ ਵਰਸੈ ਅੰਮ੍ਰਿਤ ਧਾਰ"*** ਹੈ। ਪੰਨਾ 1254 ਤੋਂ 1293 ਤਕ ਮੌਜੂਦ ਇਸ ਰਾਗ ਗਾਉਣ ਦਾ ਸਮਾਂ ਰਾਤ ਹੈ।

ਪੰਨਾ 1294 ਤੋਂ 1318 ਤਕ ਅੰਕਿਤ ਕਾਨੜਾ ਰਾਗ, ਰਾਤ ਦੇ ਪਹਿਲੇ ਪਹਿਰ ਗਾਇਆ ਜਾਂਦਾ ਹੈ, ਜੋ ਕਿ ਕਠਨ ਹੋਣ ਦੇ ਬਾਵਜੂਦ ਖ਼ੂਬ ਹਰਮਨ ਪਿਆਰਾ ਹੈ। 18 ਭੇਦਾਂ ਵਾਲੇ ਇਸ ਰਾਗ ਦੀ ਵੰਨਗੀ ***"ਬਿਸਰਿ ਗਈ ਸਭ ਤਾਤਿ ਪਰਾਈ"*** ਹੈ।

ਮਨ ਵਿਚ ਪ੍ਰਸੰਨਤਾ ਪੈਦਾ ਕਰਨ ਵਾਲੇ ਕਲਿਆਨ ਰਾਗ ਦਾ ਸਮਾਂ ਵੀ ਇਸ ਦੇ ਨਾਲ ਮਿਲਦਾ ਜੁਲਦਾ ਹੈ। ਦੋਵੇਂ ਸ੍ਰੀ ਰਾਗ ਦੇ ਪੁੱਤਰ ਮੰਨੇ ਜਾਂਦੇ ਹਨ। ਕਲਿਆਨ ਰਾਗ ਦੇ ਵਿਚ ਸ੍ਰੀ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਮਿਲਦੀ ਹੈ, ਜਿਸ ਦੀ ਮਿਸਾਲ ***'ਮੇਰੇ ਲਾਲਨ ਕੀ ਸੋਭਾ॥ ਸਦ ਨਵਤਨ ਮਨ ਰੰਗੀ ਸੋਭਾ"*** ਹੈ।

ਰਾਗ ਪ੍ਰਭਾਤੀ ਹਿੰਡੋਲ ਦਾ ਪੁੱਤਰ ਹੈ। ਗਾਇਨ ਸਮਾਂ ਸਵੇਰ ਸਾਰ। ਇਸ ਰਾਗ ਦੇ ਗਾਉਣ ਨਾਲ ਮਨ ਪ੍ਰਸੰਨ ਹੁੰਦਾ ਹੈ, ਸਹਿਜ ਅਵਸਥਾ ਵਿਚ ਆਉਂਦਾ ਹੈ ਅਤੇ ਟਿਕਾਊ ਪਾਉਂਦਾ ਹੈ। ਪੰਨਾ 1227 ਤੋਂ 1351 ਤਕ ਦਰਜ ਇਸ ਰਾਗ ਦੀ ਮਿਸਾਲ ***"ਦਿਸਟਿ ਬਿਕਾਰੀ ਬੰਧਨਿ ਬਾਂਧੈ ਹਉ ਤਿਸ ਕੈ ਬਲਿ ਜਾਈ"*** ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1352 ਤੋਂ 1353 ਤਕ ਦਰਜ ਰਾਗ ਜੈਜਾਵੰਤੀ ਨੂੰ ਦੀਪਕ ਰਾਗ ਦੀ ਨੂੰਹ ਮੰਨਿਆ ਜਾਂਦਾ ਹੈ ਅਤੇ ਇਸ ਰਾਗ ਦੇ ਵਿਚ ਕੇਵਲ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ ਹੈ। ਪ੍ਰਮਾਤਮਾ ਨਾਲ ਅਭੇਦਤਾ ਮਾਨਵੀ ਜੀਵਨ ਦਾ ਟੀਚਾ ਹੈ ਅਤੇ ਇਸ ਪ੍ਰਾਪਤੀ 'ਤੇ ਖੁਸ਼ੀ ਦੇ ਦਮਾਮੇ ਵੱਜਦੇ ਹਨ। ਰਾਤ ਦੇ ਦੂਜੇ ਪਹਿਰ ਗਾਏ ਜਾਣ ਵਾਲੇ ਇਸ ਰਾਗ ਦੀ ਵੰਨਗੀ ***"ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ'*** ਹੈ। ਬਿਲਾਵਲ ਅਤੇ ਸੋਰਠਿ ਦੇ ਮਿਲਾਪ ਸਦਕਾ ਜੈਜਾਵੰਤੀ ਦੀ ਧੁਨ ਉਤਪਨ ਕੀਤੀ ਜਾਂਦੀ ਹੈ।

ਗੁਰਬਾਣੀ ਨੂੰ ਨਿਸ਼ਚਿਤ ਰਾਗਾਂ ਅਨੁਸਾਰ ਗਾਇਨ ਕਰਨਾ ਔਖਾ ਪਰ ਅਤਿ ਜ਼ਰੂਰੀ ਅਤੇ ਲਾਹੇਵੰਦ ਹੈ। ਰਾਗ ਸਦਕਾ ਸਰੋਤਿਆਂ ਦੀ ਸੁਰਤਿ ਅਤੇ ਸ਼ਬਦ ਦਾ ਸਹਿਜੇ ਹੀ

ਜਾਦੂਮਈ ਅਸਰ ਹੋ ਸਕੇ, ਇਹੀ ਇਸ ਦਾ ਉਦੇਸ਼ ਹੈ। ਗੁਰਬਾਣੀ ਵਿਚ ਰਾਗ ਦਾ ਮਹੱਤਵ ਹਮੇਸ਼ਾਂ ਉਹੀ ਰਿਹਾ ਹੈ, ਕਦੇ ਵੀ ਘੱਟ ਨਹੀਂ ਹੋਇਆ। ਸਿਧਾਂਤਕ ਪੱਖ ਵੀ ਅਹਿਮ ਹੈ। ਪਾਠ ਕਰਨ ਸਮੇਂ ਸੁਰ, ਲੈਅ ਅਤੇ ਤਾਲ ਭੰਗ ਨਾ ਹੋਏ, ਸਿਧਾਂਤ ਨੂੰ ਵੀ ਚੋਟ ਨਾ ਪੁੱਜੇ। ਸਹਿਜੇ ਦਹੀਂ ਵਿਲੋਈ ਜਾਏ, ਲੱਸੀ ਵੀ ਬਣੇ ਅਤੇ ਮੱਖਣ ਘਿਓ (ਤੱਤ) ਵੀ ਨਸ਼ਟ ਨਾ ਹੋਵੇ। ਭਾਈ ਕਾਨ੍ਹ ਸਿੰਘ ਨਾਭਾ ਦੇ ਅਨੁਸਾਰ, 'ਅੰਮ੍ਰਿਤ ਵੇਲੇ ਆਸਾ ਦੀ ਵਾਰ' ਗਾਉਣ ਦੀ ਰੀਤ ਦੀ ਭਾਈ ਲਹਿਣਾ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਦੀ ਆਗਿਆ ਅਨੁਸਾਰ ਕਰਤਾਰ ਪੁਰ ਵਿਖੇ ਸਥਾਪਨਾ ਕੀਤੀ। (ਗੁਰਮਤਿ ਮਾਰਤੰਡ ਭਾਗ ਪਹਿਲਾ, ਪੰਨਾ 300) ਭਾਸ਼ਾ ਵਿਭਾਗ ਦੇ ਦੁਆਰਾ ਪ੍ਰਕਾਸ਼ਿਤ ਪੰਥ ਪ੍ਰਕਾਸ਼ (1976) ਦੇ ਪੰਨਾ 80 'ਤੇ ਭਾਈ ਗਿਆਨ ਸਿੰਘ ਗਿਆਨੀ ਲਿਖਦੇ ਹਨ, ***"ਅੰਮ੍ਰਿਤ ਵੇਲੇ ਆਇ ਕੇ ਫਿਰ ਸਭਾ ਮਝਾਰੇ ਆਸਵਾਰ ਪ੍ਰੇਮ ਸੋ ਸੁਨਹੀ ਮਧਧਾਰੇ ॥"*** ਗੁਰਮਤਿ ਸੰਗੀਤ ਦੀ ਕਰਤਾਰਪੁਰੀ ਪਰੰਪਰਾ ਅਨੁਸਾਰ ਪਿਛਲੀ ਰਾਤ 'ਆਸਾ ਦੀ ਵਾਰ' ਦਾ ਗਾਇਨ, ਤੀਜੇ ਪਹਿਰ ਦਾ ਕੀਰਤਨ ਅਤੇ ਉਸ ਦੇ ਬਾਅਦ ਸੋਦਰ ਆਰਤੀ ਦਾ ਕੀਰਤਨ ਚੌਂਕੀ ਦਾ ਪ੍ਰਚਲਨ ਗੁਰੂ ਨਾਨਕ ਸਾਹਿਬ ਦੇ ਕਾਲ ਤੋਂ ਹੀ ਅਰੰਭ ਹੋ ਗਿਆ ਸੀ। ਭਾਈ ਗੁਰਦਾਸ ਜੀ ਅਨੁਸਾਰ, ***"ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਪੁ ਉਚਾਰਾ॥"*** ਗੁਰਮਤਿ ਸੰਗੀਤ ਪਰੰਪਰਾ ਦੇ ਵਿਚ ਸਲੋਕ ਗਾਇਨ ਪ੍ਰਣਾਲੀ ਦਾ ਵਿਲੱਖਣ ਰੂਪ ਹੈ। ਇਹ ਸ਼ੈਲੀ ਸਮੁੱਚੀ ਸਿੱਖ ਸੋਚ ਦਾ ਅਧਾਰ ਹੈ। ਸਦੀਆਂ ਦੇ ਵਿਵਹਾਰਕ ਪ੍ਰਚਲਨ ਰਾਹੀਂ ਗੁਰੂ ਘਰ ਦੀ ਕੀਰਤਨ ਪਰੰਪਰਾ ਵਿਚ ਸਲੋਕ ਅਨਿਬੱਧ ਰੂਪ ਵਿਚ ਗਾਇਨ ਕੀਤੇ ਜਾਣ ਦੀ ਤਕਨੀਕ ਤੇ ਜ਼ੋਰ ਹੈ। ਮੰਗਲਾਚਰਨ ਅਤੇ ਵੰਦਨਾ ਸਲੋਕ ਦਾ ਹੀ ਕੀਰਤਨੀ ਰੂਪ ਹੈ। 'ਆਸਾ ਦੀ ਵਾਰ' ਦੀ ਵਿਵਹਾਰਕ ਪਰੰਪਰਾ ਅਧੀਨ ਵੀ ਸਲੋਕ ਸਦੀਆ ਤੋਂ ਵਿਸ਼ੇਸ਼ ਲੈਅ ਅਤੇ ਅਨਿਬੱਧ ਰੂਪ ਗਾਏ ਜਾਂਦੇ ਹਨ। ਮਾਹਰਾਂ ਦਾ ਵਿਚਾਰ ਹੈ ਕਿ ਗੁਰਮਤਿ ਸੰਗੀਤ ਦੀ ਵਿਵਹਾਰਕ ਪਰੰਪਰਾ ਦੀ ਸੰਸਥਾਗਤ ਰੂਪ ਵਿਚ ਸਥਾਪਤੀ ਦਾ ਮੁਢ ਬੰਨ੍ਹਣ ਦੇ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਅਹਿਮ ਯੋਗਦਾਨ ਰਿਹਾ । ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਅਰੰਭੀ ਗੁਰੂ ਘਰ ਦੀ ਕੀਰਤਨ ਪਰੰਪਰਾ ਦੇ ਨਿਰੰਤਰ ਵਿਵਹਾਰਕ ਪ੍ਰਚਲਨ ਦੁਆਰਾ ਬਾਣੀ ਦਾ ਪ੍ਰਵਾਹ ਚਲਾਇਆ। ਇਸ ਦੁਆਰਾ ਸ਼ਬਦ ਕੀਰਤਨ ਪਰੰਪਰਾ ਦਾ ਸ਼ੈਲੀਗਤ ਰੂਪ ਵਿਕਸ਼ਿਤ ਹੁੰਦਾ ਗਿਆ। ਗੁਰਮਤਿ ਸੰਗੀਤ ਵਿਚ ਰਾਗਾਂ ਦੇ ਸਮੇਂ ਅਨੁਸਾਰ ਨਾਮਾਂਕਣ ਕੀਰਤਨ ਚੌਂਕੀਆਂ ਦੀ ਵਿਸ਼ੇਸ਼ ਪਰੰਪਰਾ ਵੀ ਹੋਂਦ ਵਿਚ ਆਈ। ਆਸਾ ਦੀ ਵਾਰ, ਬਿਲਾਵਲ ਦੀ ਸਾਰੰਗ ਦੀ, ਕਲਿਆਣ ਦੀ ਅਤੇ ਕਾਨੜੇ ਦੀ ਵਾਰ।

ਕੀਰਤਨ ਚੌਂਕੀਆਂ ਦੀ ਇਹ ਪਰੰਪਰਾ ਸ੍ਰੀ ਦਰਬਾਰ ਹਰਿਮੰਦਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੇ ਵਿਚ ਨਿਰੰਤਰ ਰੂਪ ਵਿਚ ਪ੍ਰਚਲਤ ਹੈ। ਕੀਰਤਨ ਚੌਂਕੀਆਂ ਦੀ ਵਿਸ਼ੇਸ਼ ਪਰੰਪਰਾ ਦਾ ਵੱਖ ਵੱਖ ਗੁਰੂ ਸਾਹਿਬਾਨ ਦੇ ਦੁਆਰਾ ਨਿਰੰਤਰ ਵਿਕਾਸ ਹੋਇਆ। ਇਨ੍ਹਾਂ ਕੀਰਤਨ ਚੌਂਕੀਆਂ ਦੀ ਇਸ ਪਰੰਪਰਾ ਦਾ ਵਿਸ਼ਿਸ਼ਟ ਸੰਗੀਤ ਵਿਧਾਨ ਅਤੇ ਮੌਲਿਕ ਸੰਗੀਤਕ ਸਰੂਪ ਹੈ। ਇਨ੍ਹਾਂ ਕੀਰਤਨ ਚੌਂਕੀਆਂ ਦੀ ਪੇਸ਼ਕਾਰੀ ਇਤਿਹਾਸਕ ਵਿਕਾਸ ਅਤੇ ਕੀਰਤਨ ਸਾਮੱਗਰੀਦਾਇਕ ਵਿਸ਼ਾਲ ਖਜ਼ਾਨਾ 'ਗੁਰਮਤਿ ਸੰਗੀਤ' ਦੀ ਕੀਰਤਨ ਵਿਰਾਸਤ ਦਾ ਅਹਿਮ ਹਿੱਸਾ ਹੈ। ਕੀਰਤਨ ਚੌਂਕੀਆਂ ਦੀ ਇਸ ਪਰੰਪਰਾ ਦੇ ਪ੍ਰਚਲਨ ਤੇ ਸੰਸਥਾਗਤ ਰੂਪ ਵਿਚ ਸਥਾਪਤੀ ਹਿੱਤ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਵਿਸ਼ੇਸ਼ ਆਰੰਭਕ ਯੋਗਦਾਨ ਰਿਹਾ ਹੈ। ਸੇਵਾ, ਸ਼ਰਧਾ, ਸਮਰਪਣ ਅਤੇ ਭਗਤੀ ਭਾਵ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਗ ਵਿੱਦਿਆ ਅਤੇ ਗੁਰਮਤਿ ਸੰਗੀਤ ਅਤੇ ਕੀਰਤਨ ਚੌਂਕੀਆਂ ਦੀ ਪਰੰਪਰਾ ਨੂੰ ਪ੍ਰਤੀਬੱਧ ਢੰਗ ਦੇ ਨਾਲ ਸਥਾਪਤ ਤੇ ਵਿਕਸਿਤ ਕਰਨ 'ਚ ਆਰੰਭਕ ਅਹਿਮ ਅਤੇ ਸਾਰਥਕ ਭੂਮਿਕਾ ਨਿਭਾਈ। ਕੀਰਤਨ ਦੀ ਇਸ ਮਹਾਨ ਪਰੰਪਰਾ ਦਾ ਵੱਖ ਵੱਖ ਗੁਰੂ ਸਾਹਿਬਾਨ ਵਲੋਂ ਵਿਕਾਸ ਹੋਇਆ। ਇਨ੍ਹਾਂ ਦੀ ਪੇਸ਼ਕਾਰੀ ਇਤਿਹਾਸਕ ਵਿਕਾਸ ਕੀਰਤਨ ਸਮਗਰੀ ਦਾ ਇਕ ਵਿਸਾਲ ਖਜ਼ਾਨਾ ਗੁਰਮਤਿ ਸੰਗੀਤ ਦੀ ਕੀਰਤਨ ਵਿਰਾਸਤ ਦਾ ਅਹਿਮ ਹਿੱਸਾ ਹੈ।

---

*ਪਤ੍ਰਿਕਾ 'ਗੁਰਮਤਿ ਪ੍ਰਕਾਸ਼' ਵਿਚੋਂ ਧੰਨਵਾਦ ਸਹਿਤ*

# ਗੁਰਮਤਿ ਅਤੇ ਸੰਗੀਤ

ਗੁਰਜੰਤ ਸਿੰਘ ਰਾਹੀ

ਅਧਿਆਤਮਕ ਖੇਤਰ ਵਿੱਚ ਕੁਝ ਪ੍ਰਾਪਤ ਕਰਨ ਲਈ ਸਭ ਤੋਂ ਪਹਿਲੀ ਜਰੂਰੀ ਗੱਲ ਹੈ ਮਨ ਨੂੰ ਟਿਕਾਓ ਵਿੱਚ ਲਿਆਉਣਾ ਜਾਂ ਇਉਂ ਕਹਿ ਲਈਏ ਮਨ ਵੱਸ ਵਿੱਚ ਕਰਨਾ। ਭਾਵੇਂ ਮਨ ਦਾ ਕੋਈ ਬਹੁਤ ਵੱਡਾ ਵਜੂਦ ਨਹੀਂ ਹੈ। ਇਸ ਦੀ ਕੋਈ ਸਥੂਲ ਸ਼ਕਲ ਨਹੀਂ ਹੈ। ਇਸ ਦਾ ਕੋਈ ਅਕਾਰ ਜਾਂ ਭਾਰ ਨਹੀਂ ਹੈ ਪਰ ਫਿਰ ਵੀ ਇਹ ਨਿਗੂਣੀ ਜਿਹੀ ਮਨ ਨਾਂ ਦੀ ਸ਼ੈ ਕਾਬੂ ਵਿੱਚ ਨਹੀਂ ਆਉਂਦੀ ਹੈ। ਅਧਿਆਤਮਕ ਮੰਡਲ ਦੇ ਹਰੇਕ ਪਾਂਧੀ ਨੇ ਆਪਣੇ -ਆਪਣੇ ਤਰੀਕੇ ਅਨੁਸਾਰ ਮਨ ਨੂੰ ਵੱਸ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਹ ਆਪਣੀ ਕੋਸ਼ਿਸ਼ ਵਿੱਚ ਕਿੰਨੇ ਕੁ ਸਫਲ ਹੋਏ ਹਨ ਇਹ ਇੱਕ ਵੱਖਰੀ ਗੱਲ ਹੈ। ਮਨ ਦਾ ਨਿਵਾਸ ਇਸ ਪੰਜ ਭੂਤਕ ਸਰੀਰ ਵਿੱਚ ਮੰਨਿਆ ਗਿਆ ਹੈ। ਜੋਗੀਆਂ ਨੇ ਮਨ ਨੂੰ ਵਸ ਵਿੱਚ ਕਰਨ ਲਈ ਇਸ ਸਰੀਰ ਨੂੰ ਕਈ ਤਰਾਂ ਦੇ ਕਸ਼ਟ ਦੇਣੇ ਸ਼ੁਰੂ ਕਰ ਦਿੱਤੇ। ਕਈਆਂ ਨੇ ਵਰਤ ਰੱਖ ਕੇ ਸਰੀਰ ਨੂੰ ਅੰਨ ਤੋਂ ਵਾਂਝਾ ਰੱਖਿਆ ਕਿਸੇ ਨੇ ਲੰਮੀਆਂ ਸਮਾਧੀਆਂ ਲਾ ਕੇ ਸਰੀਰ ਦੀਆਂ ਜਰੂਰੀ ਲੋੜਾਂ ਤੋਂ ਵੀ ਗੁਰੇਜ਼ ਰੱਖਿਆ। ਕਈਆਂ ਨੇ ਠੰਡੇ ਪਾਣੀ ਵਿੱਚ ਸਰਦ ਰੁੱਤੇ ਖਲੋ ਕੇ ਯਖ ਲਿਆ। ਕਈਆਂ ਨੇ ਹੱਦ ਹੀ ਟਪਾ ਦਿੱਤੀ ਜੇਠ ਹਾੜ ਦੀਆਂ ਦੁਪਹਿਰਾਂ ਵੇਲੇ ਪਾਥੀਆਂ ਦੇ ਢੇਰ ਨੂੰ ਅੱਗ ਲਾ ਕੇ ਵਿਚਕਾਰ ਆਪ ਬੈਠ ਕੇ ਧੂਣੀਆਂ ਤਾਪਣੀਆਂ, ਐਨੀ ਗਰਮੀ ਅਤੇ ਅੱਗ ਦੇ ਸੇਕ ਨਾਲ ਸਰੀਰ ਦੀ ਚਮੜੀ ਇੱਕ ਵਾਰ ਤਾਂ ਭੜਥੇ ਵਾਂਗ ਝੁਲਸ ਜਾਂਦੀ ਪ੍ਰਮਾਤਮਾ ਵੱਲੋਂ ਦਿੱਤੀ ਕੰਚਨ ਕਾਇਆ ਤਾਂ ਅੱਗ ਦੇ ਸੇਕ ਨਾਲ ਜਰੂਰ ਝੁਲਸ ਜਾਂਦੀ ਹੈ ਪਰ ਮਨ ਕਾਬੂ ਵਿੱਚ ਆਓਂਦਾ ਹੈ ਜਾਂ ਨਹੀਂ ਇਸ ਬਾਰੇ ਕੋਈ ਦਾਅਵਾ ਨਹੀਂ ਕੀਤਾ ਜਾ ਸਕਦਾ। ਮਨ ਨੂੰ ਕਾਬੂ ਕਰਨ ਲਈ ਹੋਰ ਵੀ ਐਸੇ ਤਰੀਕੇ ਅਪਨਾਏ ਗਏ ਹਨ ਜਿਨਾਂ ਨਾਲ ਸਰੀਰ ਨੂੰ ਤਾਂ ਕਸ਼ਟ ਸਹਾਰਨਾ ਪਿਆ। ਸਦੀਆਂ ਤੋਂ ਲੋਕ ਮਨ ਨੂੰ ਕਾਬੂ ਕਰਨ ਦੇ ਤਰੀਕਿਆਂ ਉੱਪਰ ਹੱਥ ਅਜ਼ਮਾਈ ਕਰਦੇ ਰਹੇ ਹਨ ਅਤੇ ਅਜੇ ਵੀ ਕਰ ਰਹੇ ਹਨ। ਗੁਰੂ ਨਾਨਕ ਸਾਹਿਬ ਜੀ ਨੇ ਮਨ ਨੂੰ ਜਿੱਤਣਾ ਜਗ ਜਿੱਤਣ ਦੇ ਸਮਾਨ ਕਿਹਾ। ਮਨ ਜੀਤੇ ਜਗ ਜੀਤ। ਮਨ ਦਾ ਸੁਭਾਉ ਹੈ ਕਿ ਇਹ ਕਦੇ ਵੀ ਸਥਿਰ ਨਹੀਂ ਰਹਿੰਦਾ ਸਦਾ ਡੋਲਦਾ ਰਹਿੰਦਾ ਹੈ। ਜਿਵੇਂ ਦੀਵੇ ਦੀ ਲੋ, ਕਛੂ ਦੀ ਸਿਰੀ ਅਤੇ ਮਨੁੱਖੀ ਮਨ ਇਹ ਕਦੇ ਸਥਿਰ ਨਹੀਂ ਰਹਿੰਦੇ ਸਦਾ ਡੋਲਦੇ ਹਿਲਦੇ ) ਰਹਿੰਦੇ ਹਨ। ਮਨ ਦੇ ਇਸ ਸੁਭਾ ਬਾਰੇ ਗੁਰਬਾਣੀ ਵਿੱਚ ਬੜੇ ਵਿਸਥਾਰ ਨਾਲ ਅੰਕਿਤ ਹੈ। ਕੁਝ ਕੁ ਪ੍ਰਮਾਣ ਵੰਨਗੀ ਮਾਤਰ -

*ਇਹ ਮਨੂਆ ਖਿਨ ਨਾ ਟਿਕੈ ਬਹੁ ਰੰਗੀ*
*ਦਹ ਦਹ ਦਿਸ ਚਲਿ ਚਲਿ ਹਾਢੈ॥*
*ਗੁਰੂ ਪੂਰਾ ਪਾਇਆ ਵਡਭਾਗੀ*
*ਹਰਿ ਮੰਤ ਦੀਆਂ ਮਨ ਠਾਡੇ।* 171
*ਇਹ ਮਨ ਚੰਚਲ ਵਸ ਨਾ ਆਵੈ*
*ਦੁਬਿਧਾ ਲਾਗੈ ਦਹ ਦਿਸ ਧਾਵੈ* । 127
*ਕਹੈ ਕਬੀਰ ਸੁਨਹੁ ਕੇ ਸੰਤਹੁ*
*ਇਹ ਮਨ ਉਡਣ ਪੰਖੇਰੂ ਬਨ ਕਾ*। 1253
*ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ।*
*ਹਰਿ ਜੀ ਤੇਰੇ ਨਾਲਿ ਹੈ ਗੁਰਮਤੀ ਰੰਗ ਮਾਣ।* 441
*ਮਨ ਕੀ ਮਤਿ ਤਿਆਗਹੁ*
*ਹਰਿ ਜਨ ਏਹਾ ਬਾਤ ਕਠੈਨੀ* । 800
*ਤਿਆਗੇ ਮਨ ਕੀ ਮਤੜੀ ਵਿਸਾਰੇ*
*ਦੂਜਾ ਭਾਓ ਜੀਓ* ।

ਗੁਰੂ ਸਾਹਿਬ ਨੇ ਮਨੁੱਖ ਨੂੰ ਸਚਿਆਰ ਬਣਨ ਲਈ ਕੂੜ ਦੀ ਪਾਲ ਨੂੰ ਢਾਹੁਣਾ ਜਰੂਰੀ ਸਮਝਿਆ। ਜਿਵੇਂ ਸਿਆਣਾ ਵੈਦ ਰੋਗੀ ਦਾ ਰੋਗ ਅਤੇ ਇਲਾਜ ਬੁੱਝ ਕੇ ਦਵਾਈ ਦਿੰਦਾ ਹੈ ਅਤੇ ਰੋਗੀ ਵੈਦ ਦੇ ਕਹੇ ਅਨੁਸਾਰ ਸੰਜਮ ਨਾਲ ਦਵਾਈ ਖਾਂਦਾ ਹੈ ਤਾਂ ਉਹ ਨਿਸਚੇ ਹੀ ਅਰੋਗ ਹੋ ਜਾਂਦਾ ਹੈ। ਕੂੜ ਦੀ ਕੰਧ ਗਿਰਾਉਣ ਲਈ ਗੁਰੂ ਕੀ ਮਤਿ (ਗੁਰਮਤਿ) ਸ਼ਬਦ ਰੂਪ ਹਥੌੜੇ ਨਾਲ ਚੋਟ ਕਰਨੀ ਹੈ। ਹਥੌੜੇ ਦਾ ਪ੍ਰਹਾਰ ਇਸ ਤਰਾਂ ਕਰਨਾ ਹੈ ਕਿ ਦੀਵਾਰ ਵੀ ਗਿਰ ਜਾਵੇ ਅਤੇ ਨੁਕਸਾਨ ਵੀ ਨਾ ਹੋਵੇ। ਇਸ ਕਰਕੇ ਹਥੌੜੇ ਦਾ ਦਸਤਾ ਸੰਗੀਤ ਦਾ ਪਵਾ ਦਿੱਤਾ ਭਾਵ ਸ਼ਬਦ ਦੀ ਚੋਟ ਕਰਨ ਲਈ ਸੰਗੀਤ ਦਾ ਸਹਿਯੋਗ ਲਿਆ। ਕਿਉਂ

ਕਿ ਸੰਗੀਤ ਅੱਲਾ ਵੱਲੋਂ ਰੂਹ ਨੂੰ ਸੱਦਾ ਹੈ ਜਿਸ ਨੂੰ ਸੁਣ ਕੇ ਰੂਹ ਵਜਦ ਵਿੱਚ ਆ ਜਾਂਦੀ ਹੈ। ਰੂਹ ਵਜੂਦ ਵਿੱਚ ਉਦੋਂ ਆਉਂਦੀ ਹੈ ਜਦੋਂ ਮਨ ਟਿਕਾ ਵਿੱਚ ਆ ਜਾਂਦਾ ਹੈ। ਸੋ ਇਸ ਤਰਾਂ ਮਨ ਦੇ ਟਿਕਾਉਣ ਦਾ ਸਭ ਤੋਂ ਸੁਖੈਨ ਰਸਤਾ ਗੁਰਮਤਿ ਸੰਗੀਤ ਕੀਰਤਨ ਹੈ।

ਸੰਗੀਤ ਭਾਰਤ ਵਿੱਚ ਪਹਿਲਾਂ ਵੀ ਸੀ ਅਤੇ ਬਹੁਤ ਲੋਕ ਗਾ ਵਜਾ ਰਹੇ ਸਨ ਪਰ ਸਮੇਂ ਦੀ ਗਰਦਿਸ਼ ਨਾਲ ਇਹ ਸੰਗੀਤ ਭਾਰਤੀ ਮੰਦਰਾਂ ਵਿੱਚੋਂ ਦੀ ਲੰਘਦਾ ਹੋਇਆ ਵੇਸਵਾ ਦੇ ਕੋਠਿਆਂ ਤੇ ਆ ਕੇ ਅੱਯਾਸ਼ ਬੰਦਿਆਂ ਲਈ ਭੜਕਾਊ ਗੀਤਾਂ ਦਾ ਸਾਧਨ ਬਣ ਗਿਆ। ਜਨ ਸਧਾਰਨ ਨਾਲੋਂ ਟੁੱਟ ਕੇ ਆਪਣੇ ਮੱਥੇ ਤੇ ਬਦਨਾਮੀ ਦਾ ਟਿੱਕਾ ਲਵਾ ਬੈਠਾ। ਜਿਵੇਂ ਚਿੱਕੜ ਵਿੱਚ ਡਿੱਗੇ ਸੋਨੇ ਦੀ ਕੀਮਤ ਨਹੀਂ ਘਟ ਜਾਂਦੀ ਲੋੜ ਹੈ ਇਸ ਨੂੰ ਚਿੱਕੜ ਵਿੱਚੋਂ ਕੱਢ ਕੇ ਸਾਫ ਕਰਨ ਦੀ। ਇੱਕ ਵਾਰ ਸਾਫ ਕਰਨ ਤੇ ਸੋਨੇ ਦੀ ਉਹੀ ਚਮਕ ਝਲਕਾਂ ਮਾਰਨ ਲੱਗ ਪੈਂਦੀ ਹੈ। ਇਸੇ ਤਰਾਂ ਗੁਰੂ ਨਾਨਕ ਦੇਵ ਜੀ ਨੇ ਇਹ ਉਪਕਾਰ ਕੀਤਾ। ਸੰਗੀਤ ਨੂੰ ਵਿਸ਼ੇ ਵਿਕਾਰਾਂ ਦੇ ਚਿੱਕੜ ਚੋਂ ਕੱਢ ਕੇ ਧੁਰ ਕੀ ਬਾਣੀ ਦੇ ਸ਼ਬਦ ਨਾਲ ਰਲਾ ਕੇ ਗਾਇਆ ਤਾਂ ਇਸ ਦਾ ਨਾਂ "ਗੁਰਮਤਿ ਸੰਗੀਤ, ਜਗਤ ਪ੍ਰਸਿੱਧ ਹੋਇਆ। ਪੰਜਵੇਂ ਗੁਰੂ ਨਾਨਕ ਨੇ ਭਾਰਤੀ ਸੰਗੀਤ ਦੇ ਪ੍ਰਮੁੱਖ 30 ਰਾਗਾਂ ਵਿੱਚ ਬਾਣੀ ਉਚਾਰ ਕੇ ਆਪ ਗਾਇਣ ਕੀਤਾ ਅਤੇ ਅੱਗੋਂ ਗਾਉਣ ਦੀ ਪਿਰਤ ਪਾਈ। ਦਸਮ ਪਿਤਾ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕਰਕੇ ਅਤੇ ਰਾਗ ਜੈਜੈਵੰਤੀ ਨੂੰ ਸ਼ਾਮਿਲ ਕਰਕੇ ਰਾਗਾਂ ਦੀ ਗਿਣਤੀ 31 ਕਰ ਦਿੱਤੀ। ਭਾਰਤੀ ਸੰਗੀਤ ਵਿੱਚ ਰਾਗਾਂ ਨੂੰ ਪੁਰਸ਼ ਰਾਗ , ਇਸਤਰੀ ਰਾਗ ਅਤੇ ਨਿਪੁੰਸਕ ਰਾਗ ਆਦਿ ਤਿੰਨ ਜਾਤਾਂ ਵਿੱਚ ਵੰਡਿਆ ਗਿਆ ਹੈ। ਪਰ ਗੁਰੂ ਸਾਹਿਬ ਨੇ ਰਾਗਾਂ ਦਾ ਇੱਕੋ ਸਰੂਪ ਰਾਗ ਹੀ ਰੱਖਿਆ ਹੈ ਰਾਗਣੀਆਂ ਆਦਿ ਨਹੀਂ। ਇਹ ਵਿਚਾਰਧਾਰਾ ਗੁਰਮਤਿ ਸੰਗੀਤ ਨੂੰ ਭਾਰਤੀ ਸੰਗੀਤ ਤੋਂ ਵੱਖਰਾ ਕਰਦੀ ਹੈ। ਭਾਰਤੀ ਸੰਗੀਤ ਵਿੱਚ ਦੀਪਕ ਰਾਗ ਦੀ ਪ੍ਰਮੁੱਖਤਾ ਰਹੀ ਹੈ ਜਿਸ ਨੂੰ ਗਾਉਣ ਵਾਲਾ ਵੀ ਸੜ ਜਾਂਦਾ ਹੈ ਅਤੇ ਸੁਨਣ ਵਾਲੇ ਵੀ ਤਪਦੇ ਹਨ। ਤਪਸ਼ ਐਨੀ ਕਿ ਆਪਣੇ ਆਪ ਹੀ ਦੀਵੇ ਜਗ ਪੈਣ। ਗੁਰੂ ਸਾਹਿਬ ਨੇ ਮਨੁੱਖਤਾ ਨੂੰ ਸ਼ਾਂਤ ਚਿੱਤ ਅਤੇ ਇੱਕ ਰਸ ਰਹਿਣ ਦਾ ਉਪਦੇਸ਼ ਦਿੱਤਾ ਹੈ ਇਸ ਕਰਕੇ ਦੀਪਕ ਰਾਗ ਨੂੰ ਕੋਈ ਥਾਂ ਨਹੀਂ ਦਿੱਤੀ। ਸਗੋਂ ਗਉੜੀ ਰਾਗ ਦੇ 12 ਪ੍ਰਕਾਰ ਵਰਤ ਕੇ ਵਡਿਆਈ ਬਖਸ਼ੀ। ਜੇਕਰ ਥੋੜ੍ਹੀ ਜਿਹੀ ਨਿੱਘ ਜਾਂ ਗਰਮਾਹਟ ਦੀ ਲੋੜ ਪਵੇ ਤਾਂ ਗਉੜੀ ਦੀਪਕੀ ਜੋੜ ਦਿੱਤੀ। ਗਉੜੀ ਨੂੰ ਸਿੱਧਾ ਦੀਪਕ ਨਾਲ ਨਹੀਂ ਜੋੜਿਆ ਸਗੋਂ ਕਿਰਨ ਦੀਪਕੀ ਨਾਲ ਜੋੜ ਕੇ ਸ਼ਾਂਤ ਰਸ ਅਤੇ ਕਰੁਣਾ ਰਸ ਨੂੰ ਨਿਸ਼ਕਿਰਿਆ ਹੋਣ ਤੋਂ ਬਚਾਉਣ ਲਈ ਨਿੱਘ ਅਤੇ ਰੋਸ਼ਨੀ ਦੇ ਕੇ ਕਰਮ ਪ੍ਰਧਾਨ ਬਣਾਇਆ। ਇਸੇ ਤਰਾਂ ਇਸ ਨੁਸਖੇ ਵਿੱਚ 24 ਅਸ਼ਟਪਦੀਆਂ ਰੂਪੀ ਦਵਾਈ ਦਾ ਮਿਲਾਨ ਕਰਕੇ ਇਸ ਨੂੰ 24 ਸਲੋਕਾਂ ਦੀ ਪੁੱਠ ਦੇ ਕੇ ਸਦੀਵੀ ਸੁਖ ਦੇਣ ਵਾਲੀ ਰਸਾਇਣ ਬਣਾਇਆ। ਅੱਜ ਸੰਸਾਰ ਤੇ ਜਪੁਜੀ ਤੋਂ ਬਾਦ ਸਭ ਤੋਂ ਵੱਧ ਪੜੀ ਜਾਣ ਵਾਲੀ ਬਾਣੀ ਗਉੜੀ ਸੁਖਮਨੀ ਹੈ।

ਭਾਰਤੀ ਸੰਗੀਤ ਵਿੱਚ ਅਗਲਾ ਮੁੱਖ ਰਾਗ ਮੇਘ ਹੈ। ਮੇਘ ਦੀ ਗਰਜਣਾ ਹੰਕਾਰ ਦੀ ਪ੍ਰਤੀਕ ਹੈ। ਹੰਕਾਰ ਵਿੱਚੋਂ ਪੈਦਾ ਹੋਈ ਚਮਕ ਆਲੇ ਦੁਆਲੇ ਨੂੰ ਸਾੜ ਕੇ ਸੁਆਹ ਕਰ ਸਕਦੀ ਹੈ। *ਹਰਿ ਜੀ ਹੰਕਾਰ ਨਾ ਭਾਵਈ* । ਇਸ ਕਰਕੇ ਮੇਘ ਦਾ ਤਿਆਗ ਕਰਕੇ ਮਲਹਾਰ ਦੀ ਵਰਤੋਂ ਕੀਤੀ। ਮਲਹਾਰ ਦੀਆਂ ਬੂੰਦਾਂ ਵਿੱਚ ਪ੍ਰਮਾਤਮਾ ਦੀ ਬਖਸ਼ਿਸ਼ ਹੁੰਦੀ ਹੈ। ਜਿਸ ਨਾਲ ਸਾਰਾ ਆਲਾ ਦੁਆਲਾ ਹਰਾ ਭਰਾ ਹੋ ਜਾਂਦਾ ਹੈ। ਧਰਤੀ ਅੰਨ ਪੈਦਾ ਕਰਦੀ ਹੈ। ਸਾਰੇ ਜੀਅ ਜੰਤ ਪਲਦੇ ਹਨ। ਚਾਤ੍ਰਿਕ ਦੀ ਪਿਆਸ ਮਨੁੱਖੀ ਮਨ ਦੀ ਬਿਹਬਲਤਾ, ਪਿਆਰੇ ਦੇ ਮਿਲਣ ਦੀ ਤੜਪ ਦਰਸਾਉਣ ਲਈ ਸਾਰੰਗ ਰਾਗ ਨੂੰ ਵਡਿਆਈ ਬਖਸ਼ੀ। ਜਿਵੇਂ ਸਿਆਣਿਆਂ ਦਾ ਕਥਨ ਹੈ ਕਿ ਜੇ ਤੁਸੀਂ ਚਾਹੁੰਦੇ ਹੋ ਕਿ ਦੂਸਰਾ ਤੁਹਾਡੀ ਗੱਲ ਸੁਣੇ ਤਾਂ ਇਹ ਜਰੂਰੀ ਹੈ ਕਿ ਤੁਸੀਂ ਉਸ ਦੀ ਰੁਚੀ ਅਨੁਸਾਰ ਗਲ ਸ਼ੁਰੂ ਕਰੋ। ਇਹ ਗੱਲ ਉਸ ਦੀ ਬੋਲੀ ਤੇ ਸੁਭਾਅ ਅਨੁਸਾਰ ਹੋ ਸਕਦੀ ਹੈ। ਰਾਮਕਲੀ ਜੋਗੀਆਂ ਦਾ ਮਨ ਪਸੰਦ ਰਾਗ ਹੈ। ਜੋਗੀਆਂ ਨਾਲ ਸਾਰੀ ਗੋਸ਼ਟ ਵਿਚਾਰਾਂ ਦਾ ਅਦਾਨ ਪ੍ਰਦਾਨ ਇਸੇ ਰਾਗ ਵਿੱਚ ਰੱਖਿਆ ਗਿਆ। ਆਸਾ ਅਤੇ ਕਾਫ਼ੀ ਸ਼ੂਫ਼ੀਆਂ ਦੇ ਪਸੰਦੀ ਦੇ ਰਾਗ ਹਨ। ਭਾਵੇਂ ਇਸਲਾਮ ਦੇ ਕੱਟੜ ਪੰਥੀਆਂ ਨੇ ਰਾਗ ਨੂੰ ਕੁਫਰ ਮੰਨਿਆ ਹੈ ਸ਼ਰਾ ਵਿੱਚ ਰਾਗ ਗਾਉਣਾ ਵਿਵਰਜਿਤ ਹੈ ਪਰ ਰੱਬ ਦੀ ਬੰਦਗੀ ਕਰਨ ਵਾਲੇ ਸ਼ੇਖ ਫਰੀਦ ਵਰਗੇ ਸੂਫ਼ੀ ਸੰਤ ਰਬ ਦੈ ਉਂਢਾਉ ਆਸਾ ਰਾਗ ਵਿੱਚ 'ਬੋਲੇ ਸ਼ੇਖ ਫਰੀਦ ਪਿਆਰੇ ਅਲਹ ਲਗੇ' ਗਾ ਉਠੇ। ਰਾਗ ਸੂਹੀ ਵਿੱਚ ਚਾਰ ਲਾਵਾਂ ਉਚਾਰ ਕੇ ਗੁਰੂ ਰਾਮ ਦਾਸ ਜੀ ਨੇ ਪਤੀ ਪਤਨੀ ਦੇ ਪਿਆਰ ਦੀ ਰਸਮ ਅਤੇ ਪ੍ਰਮਾਤਮਾ ਦੇ ਮਿਲਾਪ ਦੀਆਂ ਪਉੜੀਆਂ ਬਣਾਈਆਂ। ਰਾਗ

ਮਾਝ ਮਾਝੇ ਇਲਾਕੇ ਦਾ ਲੋਕ ਰਾਗ ਹੈ। ਇਸ ਰਾਗ ਵਿੱਚ ਭਗਤ ਬਾਣੀ ਨਹੀਂ ਹੈ। ਕਿਉਂ ਕਿ ਭਗਤ ਮਾਝੇ ਦੇ ਇਲਾਕੇ ਨਾਲ ਸਬੰਧਿਤ ਨਹੀਂ ਰਹੇ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਿਨਾਂ ਤਕਰੀਬਨ ਸਾਰੇ ਗੁਰੂ ਸਾਹਿਬਾਨ ਮਾਝੇ ਨਾਲ ਸਬੰਧਿਤ ਰਹੇ ਹਨ।

ਵਡਹੰਸ ਕਰੁਣਾ ਰਸ ਪ੍ਰਧਾਨ ਰਾਗ ਹੈ ਇਸ ਵਿੱਚ ਅਲਾਹੁਣੀਆਂ ਮੌਤ ਦੇ ਗੀਤ ਗਾਏ ਤੇ ਘੋੜੀਆਂ ਵੀ ਗਾਈਆਂ। ਸੰਸਾਰ ਪ੍ਰਸਿੱਧ ਆਰਤੀ ਸੰਸਾਰ ਦੇ ਕਰਤੇ ਦੀ ਆਰਤੀ ਧਨਾਸਰੀ ਰਾਗ ਵਿੱਚ ਗਗਨ ਦੇ ਥਾਲ ਵਿੱਚ ਚੰਦ ਸੂਰਜ ਦੀਵੇ ਬਣਾ ਕੇ ਤਾਰਾ ਮੰਡਲ ਨੂੰ ਮੋਤੀਆਂ ਦੀ ਥਾਂ ਧਰ ਕੇ ਸਗਲੀ ਬਨਸਪਤੀ ਦੇ ਫੁੱਲਾਂ ਦੀ ਖੁਸ਼ਬੋ ਦੇ ਨਾਲ ਸਾਰੀ ਪਵਨ ਚਵਰ ਕਰਦੀ ਹੋਈ ਦਿਸ ਰਹੀ ਹੈ। ਇਸ ਵਿੱਚ ਪ੍ਰਮਾਤਮਾ ਦਾ ਸੰਪੂਰਨ ਸਰੂਪ ਬਿਆਨ ਕੀਤਾ ਹੈ। ਬਬੀਹਾ ਅੰਮ੍ਰਿਤ ਵੇਲੇ ਬੋਲਿਆ ਤਾਂ ਦਰ ਸੁਣੀ ਪੁਕਾਰ ; ਮਲਾਰ ਹੋ ਕੇ ਵਰਸ ਗਿਆ। *ਬਰਸ ਮੇਘ ਜੀ ਤਿਲ ਬਿਲਮ ਨਾ ਲਾਉ।* 1267

ਜੈ ਜੈ ਵੰਤੀ ਰਾਜਸਥਾਨ ਦਾ ਲੋਕ ਰਾਗ ਹੈ। ਕਿਸੇ ਮੁਹਿੰਮ ਤੇ ਜਾਣ ਸਮੇਂ ਰਾਜਪੂਤਣੀਆਂ ਇਸ ਰਾਗ ਵਿੱਚ ਗੀਤ ਗਾਉਂਦੀਆਂ ਸਨ। ਇਸ ਰਾਗ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਹੈ ਜਿਹਨਾਂ ਨੇ ਜੁਲਮ ਦੇ ਵਿਰੁੱਧ ਆਪਣਾ ਸੀਸ ਦੇ ਕੇ ਸਿਰੜ ਕਾਇਮ ਰੱਖਿਆ ਅਤੇ ਜਿੱਤ ਪ੍ਰਾਪਤ ਕੀਤੀ।

ਇਸ ਤਰਾਂ ਭਾਰਤੀ ਸੰਗੀਤ ਦੇ ਚੋਣਵੇਂ ਰਾਗਾਂ ਵਿੱਚ ਧੁਰ ਕੀ ਬਾਣੀ ਨੂੰ ਪਰੋਸ ਕੇ ਭੋਜਨ ਚੂਰਾ ਬਣਾ ਕੇ ਛਕਾਇਆ। ਜਿਸ ਨਾਲ ਵਿਸ਼ੇ ਵਿਕਾਰਾਂ ਨਾਲ ਜੋੜਨ ਵਾਲਾ ਸੰਗੀਤ ਨਿਰੰਕਾਰ ਨਾਲ ਜੋੜਣ ਦਾ ਸਾਧਨ ਬਣ ਗਿਆ ਅਤੇ ਉਹ ਰਾਗ ਧੰਨ ਹੋ ਗਏ ਉਹ ਰਾਗ ਸੁਰੰਗੜੇ। ਰਾਗਾਂ ਅਨੁਸਾਰ ਧੁਰ ਕੀ ਬਾਣੀ ਦਾ ਗਾਇਨ ਕਰਕੇ ਕੋਈ ਆਪਣੀ ਕਲਾ ਦਾ ਦਿਖਾਵਾ ਕਰਕੇ ਹਉਮੈਂ ਵਿੱਚ ਨਾ ਜਾਵੇ ਇਸ ਲਈ ਇਸ ਦਾ ਨਾਂ ਨਿਰਬਾਣ ਕੀਰਤਨ ਰੱਖਿਆ। ਸਾਰੇ ਸਿੱਖਾਂ ਅਤੇ ਸਤਿਗੁਰੂ ਕੇ ਪਿਆਰਿਆਂ ਨੂੰ ਸੱਚੀ ਬਾਣੀ ਗਾਉਣ ਦਾ ਸੱਦਾ ਦਿੱਤਾ। ਮਨਚਿਤ ਕਰ ਕੇ ਗਾਉਣ ਵਾਲਿਆਂ ਨੂੰ ਭਲੋ ਭਲੋ ਰੇ ਕੀਰਤਨੀਆਂ; ਕਹਿ ਕੇ ਵਡਿਆਇਆ। ਕੀਰਤਨ ਨੂੰ ਨਿਰਮੋਲਕ ਹੀਰਾ ਆਖਿਆ। ਐਸਾ ਕੀਰਤਨ ਸੰਸਾਰ ਅਤੇ ਨਿਰੰਕਾਰ ਦੇ ਦੇਸ਼ ਵੀ ਸਹਾਈ ਹੁੰਦਾ ਹੈ। ਗੁਰਬਾਣੀ ਸੁਚੇਤ ਕਰਦੀ ਹੈ ਕਿ ਮਨ ਕੀ ਮਤ ਤਿਆਗ ਕੇ ਗੁਰੂ ਦੀ ਮਤ ਦ੍ਰਿੜ ਕਰ। ਫਿਰ ਤੇਰੀ ਸੁਰਤ ਸ਼ਬਦ ਦੇ ਉੱਚੇ ਗਗਨਾਂ ਵਿੱਚ ਉਡਾਰੀਆਂ ਲਾਵੇਗੀ ਅਤੇ ਤੇਰੀ ਸਮਝ ਵਿੱਚ ਆਵੇਗਾ ਕਿ ਗੁਰਮਤਿ ਅਤੇ ਸੰਗੀਤ ਦੋ ਨਾ ਹੋ ਕੇ ਇੱਕ ਸਰੂਪ ਬਣ ਗਿਆ ਹੈ ਜਿਸ ਨੂੰ ਗੁਰਮਤਿ ਸੰਗੀਤ ਆਖਦੇ ਹਨ। ਜੋ ਸੰਸਾਰ ਦੇ ਸੰਗੀਤ ਵਿੱਚ ਆਪਣਾ ਵਿਸ਼ੇਸ਼ ਸਥਾਨ ਰੱਖਦਾ ਹੈ।

*ਗੁਰਮਤਿ ਸੰਗੀਤ ਵਿਦਿਆਲਾ, ਗਿਆਨੀ ਦਿੱਤ ਸਿੰਘ ਕਾਲੋਨੀ, ਨਾਨਕਿਆਣਾ ਰੋਡ ,ਸੰਗਰੂਰ।*

# ਅਕਾਲ ਗੁਰਮਤਿ ਸੰਗੀਤ ਕਲਾ ਕੇਂਦਰ ਬੜੂ ਸਾਹਿਬ

ਅਵਤਾਰ ਸਿੰਘ 'ਹੰਸ'

ਗੁਰੂ ਸਾਹਿਬਾਨ ਵਲੋਂ ਬਖਸ਼ਿਸ਼ ਗੁਰਮਤਿ ਸੰਗੀਤ ਪ੍ਰੰਪਰਾ ਅਨੁਸਾਰ ਨਿਰਧਾਰਤ ਰਾਗਾਂ ਵਿਚ ਕੀਰਤਨ ਕਲਾ ਨੂੰ ਸੁਰੱਖਿਅਤ ਰੱਖਣ ਤੇ ਪ੍ਰਚਾਰਨ ਤੇ ਪ੍ਰਸਾਰਨ ਲਈ ਕਲਗੀਧਰ ਟਰੱਸਟ ਬੜੂ ਸਾਹਿਬ ਵਲੋਂ ਸ੍ਰੀਮਾਨ ਸੰਤ ਬਾਬਾ ਇਕਬਾਲ ਸਿੰਘ ਜੀ ਦੀ ਰਹਿਨੁਮਾਈ ਹੇਠ ਅਕਾਲ ਗੁਰਮਤਿ ਸੰਗੀਤ ਕਲਾ ਕੇਂਦਰ ਦੀ ਸਥਾਪਨਾ ਕੀਤੀ ਹੈ। ਇਸ ਕਲਾ ਕੇਂਦਰ ਵਿਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਉਤਰ ਪ੍ਰਦੇਸ਼, ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਦੇ ਇਲਾਕਿਆਂ ਵਿਚੋਂ ਤਕਰੀਬਨ 150 ਦੇ ਕਰੀਬ ਬੱਚੀਆਂ (ਲੜਕੀਆਂ) ਇਸ ਕੇਂਦਰ ਵਿਚ ਗੁਰਮਤਿ ਸੰਗੀਤ ਵਿਦਿਆ ਪ੍ਰਾਪਤ ਕਰਦੀਆਂ ਹਨ। ਇਨ੍ਹਾਂ ਬੱਚੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਅਨੁਸਾਰ ਕੀਰਤਨ ਸਿਖਾਇਆ ਜਾਂਦਾ ਹੈ। ਸ਼ਾਸਤਰੀ ਸੰਗੀਤ ਦੀ ਵੀ ਪੂਰੀ ਜਾਣਕਾਰੀ ਦਿੱਤੀ ਜਾਂਦੀ ਹੈ। ਕੀਰਤਨ ਦੇ ਨਾਲ ਨਾਲ ਤੰਤੀ ਸਾਜ਼ਾਂ ਦੀ ਸਿਖਲਾਈ ਦਾ ਵੀ ਸੁੱਚਜਾ ਪ੍ਰਬੰਧ ਹੈ।

ਗੁਰਮਤਿ ਸੰਗੀਤ ਦੇ ਪ੍ਰਮੁੱਖ ਸਾਜ਼ਾਂ-ਰਬਾਬ, ਤਾਊਸ, ਦਿਲਰੁਬਾ, ਸਰੰਦਾ ਅਤੇ ਸਾਰੰਗੀ, ਵਾਇਲਨ, ਸਿਤਾਰ, ਗਿਟਾਰ ਆਦਿ ਤੰਤੀ ਰਾਗਾਂ ਦੀ ਵਿਧੀ ਪੂਰਵਕ ਸਿਖਲਾਈ ਉਚ ਕੋਟੀ ਦੇ ਵੱਖ ਵੱਖ ਉਸਤਾਦ ਪ੍ਰਦਾਨ ਕਰਦੇ ਹਨ। ਪੰਜਾਬ ਘਰਾਣੇ ਅਨੁਸਾਰ ਤਬਲਾ ਵਾਦਨ ਸਿਖਾਇਆ ਜਾਂਦਾ ਹੈ। ਗੁਰਮਤਿ ਸੰਗੀਤ (ਕੀਰਤਨ) ਦੀ ਸਿਖਲਾਈ, ਮਹਾਨ ਸੰਗੀਤਕਾਰ ਉਸਤਾਦ ਰਾਗੀ ਸੁਰਜੀਤ ਸਿੰਘ ਜੀ ਦਿੰਦੇ ਹਨ। ਉਸਤਾਦ ਗੁਰਜੀਤ ਸਿੰਘ ਜੀ ਗੁਰਮਤਿ ਸੰਗੀਤ ਦੇ ਮਹਾਨ ਵਿਦਵਾਨ ਹਨ ਆਪ ਦੌਧਰ ਟਕਸਾਲ ਨਾਲ ਸਬੰਧਿਤ ਮਹਾਨ ਸੰਗੀਤ ਅਚਾਰੀਆ ਉਸਤਾਦ ਰਾਗੀ ਜਸਵੰਤ ਸਿੰਘ ਤੀਬਰ ਸਾਹਿਬ ਦੇ ਸ਼ਾਗਿਰਦ ਹਨ। ਦੌਧਰ ਟਸਕਾਲ ਦਾ ਸਬੰਧ ਭਾਈ ਮਰਦਾਨਾ ਜੀ ਨਾਲ ਜੁੜਦਾ ਹੈ। ਇਥੋਂ ਦੇ ਉਸਤਾਦ ਭਾਈ ਚਾਂਦ ਜੀ ਹੁੰਦੇ ਸਨ ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀ ਸਨ ਤੇ ਭਾਈ ਮਰਦਾਨਾ ਜੀ ਦੇ ਵੰਸ਼ ਵਿਚੋਂ ਸਨ।

ਰਾਗੀ ਸੁਰਜੀਤ ਸਿੰਘ ਜੀ ਨੇ ਸ੍ਰੀ ਮਾਨ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਦੇ ਜਨਮ ਅਸਥਾਨ ਗੁ: ਚੀਮਾਂ ਸਾਹਿਬ ਵਿਖੇ ਅਕਾਲ ਗੁਰਮਤਿ ਸੰਗੀਤ ਵਿਦਿਆਲੇ ਵਿਚ 18-20 ਸਾਲ ਸੇਵਾ ਨਿਭਾਈ। ਇਥੇ ਹੀ ਆਪ ਜੀ ਨੇ ਗੁਰਮਤਿ ਸੰਗੀਤ ਸਬੰਧੀ ਕਈ ਪੁਸਤਕਾਂ ਦੀ ਰਚਨਾ ਕੀਤੀ। ਉਸਤਾਦ ਜੀ ਨਿਸ਼ਕਾਮ ਤੌਰ ਤੇ ਸੇਵਾ ਕਰ ਰਹੇ ਹਨ। ਹੁਣ ਆਪ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਕਰ ਪੁਸਤਕ ਦੀ ਤਿਆਰੀ ਕਰ ਰਹੇ ਹਨ:

ਉਸਤਾਦ ਸੁਰਜੀਤ ਸਿੰਘ ਤੋਂ ਇਲਾਵਾ ਹੋਰ ਵੀ ਉਸਤਾਦ ਇਥੇ ਨਿਯੁਕਤ ਹਨ। ਸੰਗੀਤ ਦੇ ਯੋਗ ਅਧਿਆਪਕਾ ਡਾ. ਪੂਰਵੀ ਜੀ, ਡਬਲ ਐਮਏ ਗੋਲਡ ਮੈਡਲਿਸਟ, ਪੀਐਚਡੀ ਜ਼ਿਲ੍ਹਾ ਕਰਨਾਲ ਤੋਂ ਇਥੇ ਸ਼ਾਸਤਰੀ ਸੰਗੀਤ ਦੀ ਸਿੱਖਿਆ ਦੇ ਰਹੇ ਹਨ; ਇਸੇ ਤਰ੍ਹਾਂ ਪ੍ਰਸਿੱਧ ਤਬਲਾ ਵਾਦਿਕਾ ਡਾ. ਸੀਮਾ ਜੌਹਰੀ, ਪੀਐਚਡੀ ਤਬਲਾ ਵਾਦਨ ਦੀ ਸਿੱਖਿਆ ਦੇ ਰਹੇ ਹਨ। ਇਨ੍ਹਾਂ ਬੱਚਿਆਂ ਨੂੰ ਧਾਰਮਿਕ ਤੇ ਸੰਗੀਤ ਵਿੱਦਿਆ ਤੋਂ ਇਲਾਵਾ ਦੁਨਿਆਵੀ ਪੜ੍ਹਾਈ ਵੀ ਕਰਵਾਈ ਜਾਂਦੀ ਹੈ। ਬੜੂ ਸਾਹਿਬ ਅਕੈਡਮੀ ਤੋਂ (10+2) ਅਤੇ ਬੀ.ਏ. ਅਤੇ ਐਮ.ਏ. ਦੀ ਪੜ੍ਹਾਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕਰਵਾਈ ਜਾਂਦੀ ਹੈ। ਸਾਰੇ ਵਿਦਿਆਰਥੀਆਂ ਨੂੰ ਪ੍ਰਯਾਗ ਸੰਗੀਤ ਸਮਿਤੀ ਇਲਾਹਾਬਾਦ ਤੋਂ ਸੰਗੀਤ ਦੀ ਡਿਗਰੀ ਦਿਵਾਈ ਜਾਂਦੀ ਹੈ।

ਇਸ ਕੇਂਦਰ ਵਿਚ ਸਿੱਖਿਆ ਪ੍ਰਾਪਤ ਕਰਕੇ ਵਿਦਿਆਰਥੀ ਸਕੂਲਾਂ ਕਾਲਜਾਂ ਵਿਚ ਗੁਰਮਤਿ ਅਤੇ ਸੰਗੀਤ ਅਧਿਆਪਕਾਵਾਂ ਦੀ ਨੌਕਰੀ ਅਸਾਨੀ ਨਾਲ ਪ੍ਰਾਪਤ ਕਰ ਸਕਦੇ ਹਨ। ਇਸ ਕਲਾ ਕੇਂਦਰ ਵਿਚ ਬੱਚੀਆਂ ਦੀ ਰਿਹਾਇਸ਼ ਆਦਿ ਦਾ ਬਹੁਤ ਹੀ ਸੁਚੱਜਾ ਪ੍ਰਬੰਧ ਹੈ। ਸੰਗੀਤ ਸਿੱਖਿਆ ਦੇ ਨਾਲ ਨਾਲ ਬੱਚੀਆਂ ਨਾਮ ਸਿਮਰਨ, ਸੇਵਾ ਵਿਚ ਵੀ ਹਿੱਸਾ ਲੈ ਕੇ ਜਨਮ ਸਫਲ ਕਰਦੀਆਂ ਹਨ।

ਇਸੇ ਤਰ੍ਹਾਂ ਮਹਾਂਪੁਰਖਾਂ ਅਤੈ ਉਸਤਾਦ ਰਾਗੀ ਸੁਰਜੀਤ ਸਿੰਘ ਜੀ ਦੀ ਅਣਥੱਕ ਮਿਹਨਤ ਸਦਕਾ ਅਕਾਲ ਗੁਰਮਤਿ ਸੰਗੀਤ ਕਲਾ ਕੇਂਦਰ ਤਰੱਕੀਆਂ ਵੱਲ ਵਧ ਰਿਹਾ ਹੈ।

*ਗਿ: ਦਿੱਤ ਸਿੰਘ ਕਲੋਨੀ,*
*ਨੇੜੇ ਫਤਹਿ ਸ਼ਟਰਿੰਗ ਹਾਊਸ, ਨਾਨਕਿਆਣਾ ਰੋਡ, ਸੰਗਰੂਰ*

# ਭਾਰਤ ਰਤਨ ਸ਼ਹਿਨਾਈ ਵਾਦਕ ਨੂੰ ਸ਼ਰਧਾਂਜਲੀ

ਗੁਰਜੰਤ ਸਿੰਘ ਰਾਹੀ

ਗੁਰਮਤਿ ਸੰਗੀਤ ਵਿਦਿਆਲਾ ਸੰਗਰੂਰ ਵਿਖੇ ਭਾਰਤੀ ਸੰਗੀਤ ਦੇ ਬੇਤਾਜ ਬਾਦਸ਼ਾਹ ਉਸਤਾਦ ਬਿਸਮਿੱਲਾ ਖਾਂ ਸ਼ਹਿਨਾਈ ਵਾਦਕ ਦੀ ਮੌਤ ਹੋ ਜਾਣ ਉਪਰੰਤ ਉਹਨਾਂ ਦੀ ਯਾਦ ਨੂੰ ਸਮਰਪਿਤ ਵੈਰਾਗ ਮਈ ਕੀਰਤਨ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਭਾਈ ਅਵਤਾਰ ਸਿੰਘ ਹੰਸ ਦੇ ਰਾਗੀ ਜਥੇ ਨੇ 'ਜਲ ਕਾ ਜਲ ਹੂਆ ਰਾਮ' ਰਾਗ ਅਧਾਰਿਤ ਬੰਦਸ਼ ਗਾ ਕੇ ਆਪਣੀ ਹਾਜ਼ਰੀ ਲਵਾਈ। ਭਾਈ ਸੇਵਾ ਸਿੰਘ ਸ਼ਾਨ ਦੇ ਰਾਗੀ ਜਥੇ ਨੇ 'ਕੌਣ ਮੂਆ ਰੇ ਕੌਣ ਮੂਆ' ਗੀਤ ਵੈਰਾਗ ਵਿੱਚ ਗਾ ਕੇ ਹਾਜ਼ਰੀ ਲਵਾਈ। ਕੁਲਦੀਪ ਸਿੰਘ ਬੂਟਾ ਤਬਲਾ ਵਾਦਕ ਨੇ ਏਕ ਤਾਲ ਦੀ ਤਬਲਾ ਸੋਲੋ ਵਜਾਈ। ਵਿਦਿਆਲੇ ਦੇ ਮੁਖੀ ਉਸਤਾਦ ਗੁਰਜੰਤ ਸਿੰਘ ਰਾਹੀ ਨੇ ਭਾਰਤ ਰਤਨ ਉਸਤਾਦ ਬਿਸਮਿਲਾ ਖਾਂ ਦੀ ਜੀਵਨੀ ਬਾਰੇ ਵਿਸਥਾਰ ਨਾਲ ਦੱਸਿਆ ਕਿ ਕਿਵੇਂ ਉਹਨਾਂ ਨੇ ਗਰੀਬ ਘਰ ਵਿੱਚ ਪੈਦਾ ਹੋ ਕੇ ਵਿਆਹ ਸ਼ਾਦੀਆਂ ਮੌਕੇ ਘਰਾਂ ਦੇ ਦਰਵਾਜੇ ਅਤੇ ਮੰਦਰਾਂ ਦੇ ਦਰਵਾਜੇ ਅੱਗੇ ਬੈਠ ਕੇ ਵਜਾਉਣ ਵਾਲਾ ਮਾਮੂਲੀ ਜਿਹੀ ਸਾਜ ਸਹਿਨਾਈ ਨੂੰ ਅਪਣਾ ਕੇ ਆਪਣੀ ਸੰਗੀਤ ਸਾਧਨਾ ਦੁਆਰਾ ਜਿੱਥੇ ਸੰਗੀਤ ਜਗਤ ਵਿੱਚ ਆਪਣਾ ਨਾਂ ਬਣਾਇਆ ਉੱਥੇ ਸ਼ਹਿਨਾਈ ਨੂੰ ਵੀ ਹੋਰ ਸਾਜ਼ਾਂ ਦੀ ਤਰਾਂ ਸੋਲੋ ਵਾਦਨ ਵਾਲੇ ਸਾਜਾਂ ਦੀ ਕਤਾਰ ਵਿੱਚ ਲਿਆ ਖੜ੍ਹਾ ਕੀਤਾ। ਸ਼ਹਿਨਾਈ ਨੂੰ ਸੰਸਾਰ ਦੇ ਕੋਨੇ-ਕੋਨੇ ਵਿੱਚ ਗੁੰਜਾਰ ਪਾਉਣ ਲਾ ਦਿੱਤਾ। ਇੱਕ ਪ੍ਰਥਾ ਸ਼ੁਰੂ ਕਰ ਦਿੱਤੀ ਕਿ ਹਰ ਸੰਗੀਤ ਸੰਮੇਲਨ ਸ਼ਹਿਨਾਈ ਵਾਦਨ ਦੀਆਂ ਮੰਗਲਮਈ ਧੁਨਾਂ ਨਾਲ ਸ਼ੁਰੂ ਹੋਣ ਲੱਗ ਪਿਆ। ਬਨਾਰਸ ਦੇ ਇੱਕ ਮੰਦਰ ਵਿੱਚ ਜੋ ਕਿ ਗੰਗਾ ਦੇ ਕਿਨਾਰੇ ਸਥਿਤ ਹੈ ਸਾਲਾਂ ਬੱਧੀ ਕਠਿਨ ਰਿਆਜ਼ ਕਰਕੇ ਪੂਰਨ ਪੁਰਖ ਬਣ ਗਏ। ਸਾਧਨਾ ਵਾਲੇ ਮਨੁੱਖ ਦੇ ਪਿੱਛੇ-ਪਿੱਛੇ ਮਾਨ ਸਨਮਾਨ ਫਿਰਦੇ ਹਨ। ਆਪ ਭਾਰਤ ਰਤਨ ਨਾਲ ਸਨਮਾਨੇ ਗਏ। ਖਾਂ ਸਾਹਿਬ ਬੜੇ ਮਿੱਠ ਬੋਲੜੇ ਤੇ ਨਿਮਰ ਸੁਭਾ ਦੇ ਸਨ। ਗੁਰਜੰਤ ਸਿੰਘ ਰਾਹੀ ਨੇ ਦਿੱਲੀ ਵਿਖੇ ਖਾਂ ਸਾਹਿਬ ਨਾਲ ਹੋਈ ਮੁਲਾਕਾਤ ਦਾ ਜਿਕਰ ਕੀਤਾ ਜਿਸ ਵਿੱਚ ਤਬਲਾ ਸੰਗੀਤ ਬਾਰੇ ਪੁੱਛੇ ਸੁਆਲ ਦੇ ਜਵਾਬ ਵਿੱਚ ਉਹਨਾਂ ਕਿਹਾ ਸੀ ਅਰੇ ਸਰਦਾਰ ਜੀ, ਪੰਜਾਬ ਕੇ ਤਬਲੇ ਕੀ ਕਿਆ ਬਾਤ ਹੈ, ਜਬ ਸਾਥ ਮੈਂ ਕਭੀ ਅੱਲਾ ਰੱਖਾ ਸਾਹਿਬ ਤਬਲੇ ਕੀ ਸੰਗਤ ਕਰਤੇ ਹੈਂ ਤੋ ਯੂੰ ਲਗਤਾ ਹੈ ਕਿ ਜੈਸੇ ਸੁਰੋਂ ਕੋ ਪਰ ਲਗ ਗਏ ਹੋਂ ਔਰ ਵੋ ਸਾਰੇ ਆਕਾਸ਼ ਮੇਂ ਉਡਾਰੀਆਂ ਲਗਾ ਰਹੇ ਹੋ। ਆਪ ਪੰਜਾਬ ਵਾਲੋਂ ਕੋ ਚਾਹੀਏ ਕਿ ਆਪਣਾ ਮੁਕਾਮ ਕਾਇਮ ਰੱਖੇਂ"।

ਖਾਨ ਸਾਹਿਬ ਕੁਸ਼ਲ ਵਾਦਕ ਦੇ ਨਾਲ -ਨਾਲ ਜਿੱਥੇ ਵਧੀਆ ਗਾਇਕ ਸਨ ਉੱਥੇ ਵਧੀਆ ਅਧਿਆਪਕ ਵੀ ਸਨ। ਉਹਨਾਂ ਦੇ ਸ਼ਾਗਿਰਦਾਂ ਵਿੱਚੋਂ ਭਾਈ ਬਲਜੀਤ ਸਿੰਘ ਨਾਮਧਾਰੀ ਜਿਹਨਾਂ ਨੇ ਖਾਂ ਸਾਹਿਬ ਤੋਂ ਤਾਰ ਸ਼ਹਿਨਾਈ ਦੀ ਸਿੱਖਿਆ ਲਈ ਅਤੇ ਮੁਹਾਰਤ ਹਾਸਿਲ ਕੀਤੀ। ਭਾਈ ਬਲਜੀਤ ਸਿੰਘ ਜਿੱਥੇ ਤਾਰ ਸ਼ਹਿਨਾਈ ਵਾਦਨ ਵਿੱਚ ਆਪਣਾ ਵਿਸ਼ੇਸ ਸਥਾਨ ਰਖਦੇ ਹਨ ਉਥੇ ਉਹਨਾਂ ਨੇ ਆਪਣੇ ਭਰਾ ਗੁਰਮੀਤ ਸਿੰਘ ਨਾਲ ਰਲ ਕੇ ਤਾਰ ਸ਼ਹਿਨਾਈ ਅਤੇ ਦਿਲਰੁਬਾ ਨਾਲ ਕੀਰਤਨ ਕਰ ਕੇ ਨਿਰੋਲ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਦੀ ਪ੍ਰਥਾ ਨੂੰ ਮੁੜ ਸੁਰਜੀਤ ਕਰਨ ਵਿੱਚ ਪਹਿਲ ਕੀਤੀ। ਜਿੱਥੇ ਗੁਰਮਤਿ ਸੰਗੀਤ ਦੇ ਘੇਰੇ ਵਿੱਚ ਪਹਿਲੇ ਤੰਤੀ ਸਾਜ਼ਾਂ ਵਿੱਚ ਤਾਰ ਸ਼ਹਿਨਾਈ ਸ਼ਾਮਿਲ ਕਰ ਕੇ ਹੋਰ ਵਾਧਾ ਕੀਤਾ ਗਿਆ। ਜਦੋਂ ਕੀਰਤਨ ਵਿੱਚ ਤਾਰ ਸ਼ਹਿਨਾਈ ਵਜਦੀ ਰਹੇਗੀ, ਬਿਸਮਿਲਾ ਖਾਂ ਸਾਹਿਬ ਦੀ ਯਾਦ ਅਤੇ ਦੇਣ ਯਾਦ ਰਹੇਗੀ ਅਖੀਰ ਤੇ ਉਹਨਾਂ ਦੀ ਰੂਹ ਦੀ ਸ਼ਾਤੀ ਲਈ ਅਰਦਾਸ ਕੀਤੀ ਗਈ।

*ਗੁਰਮਤਿ ਸੰਗੀਤ ਵਿਦਿਆਲਾ, ਸੰਗਰੂਰ*

# ਗੁਰੂ ਨਾਨਕ ਸਭ ਦਾ ਪਿਆਰਾ

ਡਾ. ਹਰਨੇਕ ਸਿੰਘ ਕਲੇਰ

ਗੁਰੂ ਨਾਨਕ ਸਭ ਦਾ ਪਿਆਰਾ
ਨਨਕਾਣੇ ਦੇ ਵਿਚ ਆਇਆ ਸੀ
ਮਹਿਤਾ ਕਾਲੂ ਦਾ ਰਾਜ ਦੁਲਾਰਾ
ਮਾਤਾ ਤ੍ਰਿਪਤਾ ਦਾ ਜਾਇਆ ਸੀ।

ਸੱਚਾ ਸੌਦਾ ਗੁਰੂ ਜੀ ਕੀਤਾ ਸੀ
ਨਾ ਲਾਭ ਰਤਾ ਵੀ ਲੀਤਾ ਸੀ
ਜੰਗਲ ਵਿਚ ਬੈਠੇ ਸਾਧੂਆਂ ਨੂੰ
ਹੱਥਾਂ ਨਾਲ ਭੋਜਨ ਛਕਾਇਆ ਸੀ

ਜਦ ਚੁੱਲ੍ਹਾ ਭੈਣ ਜਲਾਉਂਦੀ ਸੀ
ਫਿਰ ਯਾਦ ਵੀਰ ਦੀ ਆਉਂਦੀ ਸੀ
ਨਾਲ ਬਾਬੇ ਦੇ ਮਰਦਾਨਾ
ਵੀਰ ਹਵਾ ਵਾਂਗ ਚੱਲ ਆਇਆ ਸੀ

ਬਾਣੀ ਗੁਰੂ ਜੀ ਗਾਉਂਦੇ ਸੀ
ਉਹ ਸਭ ਦੇ ਮਨ ਨੂੰ ਭਾਉਂਦੇ ਸੀ
ਕਰਤਾਰਪੁਰ ਡੇਰੇ ਲਾ ਬਾਬੇ,
ਕਿਰਤਾ ਦਾ ਪਾਠ ਪੜ੍ਹਾਇਆ ਸੀ

ਜਦੋਂ ਜਪੁ ਜੀ ਸਾਹਿਬ ਪੜ੍ਹਦੇ ਹਾਂ
ਅਸੀਂ ਯਾਦ ਗੁਰੂ ਜੀ ਨੂੰ ਕਰਦੇ ਹਾਂ
ਬਿਨ ਅਮਲਾਂ ਜਗ ਭਟਕ ਰਿਹਾ
ਕਹਿ ਬਾਣੀ ਮਨ ਰੁਸ਼ਨਾਇਆ ਸੀ।

*1659, ਫੇਜ਼ 10,*
*ਮੋਹਾਲੀ*

# ਪ੍ਰਤੀਕਰਮ

## ਕਰਮ ਸਿੰਘ ਰਤਨ

ਜੁਲਾਈ 2006 ਦੇ ਅੰਮ੍ਰਿਤ ਕੀਰਤਨ ਵਿਚ ਸ. ਕਰਮਜੀਤ ਸਿੰਘ ਔਜਲਾ ਦਾ ਲੇਖ (ਰਾਗੀਆਂ ਦੇ ਵਿਹਾਰ-ਵਪਾਰ-ਵਿਚਾਰਨ ਦੀ ਗੱਲ) ਦਾਸ ਨੇ ਪੜ੍ਹਿਆ, ਇਹ ਪੜ੍ਹ ਕੇ ਮੇਰੇ ਮਨ ਨੂੰ ਕੁਝ ਹੋਇਆ ਹੈ, ਇਸ ਲਈ ਮੇਰਾ ਮਨ ਵੀ ਕੁਝ ਲਿਖਣ ਨੂੰ ਕਰ ਰਿਹਾ ਹੈ।

ਕੁਝ ਗੱਲਾਂ ਉਨ੍ਹਾਂ ਦੀਆਂ ਮੈਨੂੰ ਚੰਗੀਆਂ ਲੱਗੀਆਂ ਹਨ ਜਿਵੇਂ ਕਿ ਰਾਗੀ ਸਿੰਘਾਂ ਨੂੰ ਗੁਰਬਾਣੀ ਦੇ ਸ਼ਬਦ ਵੱਧ ਤੋਂ ਵੱਧ ਯਾਦ ਕਰਨੇ ਚਾਹੀਦੇ ਹਨ ਅਤੇ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਨਾ ਚਾਹੀਦਾ ਹੈ। ਸੋ ਇਸ ਸਬੰਧ ਵਿਚ ਦਾਸ ਤਿੰਨ ਚਾਰ ਮਸਲਿਆਂ ਤੋਂ ਆਪਣੇ ਵਿਚਾਰ ਲਿਖ ਰਿਹਾ ਹੈ।

ਸਭ ਤੋਂ ਪਹਿਲਾ ਮਸਲਾ ਹੈ ਕਿ ਬਾਹਰਲੀਆਂ ਤਰਜ਼ਾਂ ਜਾਂ ਧੁਨਾਂ ਤੇ ਕੀਰਤਨ ਕਰਨਾ:

ਸ. ਕਰਮਜੀਤ ਸਿੰਘ ਔਜਲਾ ਦੇ ਲੇਖ ਵਿਚ ਇਕ ਇਹ ਗੱਲ ਵੀ ਪੜ੍ਹੀ ਹੈ ਕਿ ਕਈ ਰਾਗੀ ਗਵੱਈਆਂ ਦੀ ਤਰਜ਼ ਤੇ ਸ਼ਬਦ ਪੜ੍ਹਦੇ ਹਨ। ਇਸ ਗੱਲ ਦੀ ਮੈਨੂੰ ਸਮਝ ਨਹੀਂ, ਕਿ ਇਨ੍ਹਾਂ ਦੇ ਕਹਿਣ ਦਾ ਕੀ ਮਤਲਬ ਹੈ? ਜੇਕਰ ਫਿਲਮੀ ਧੁਨਾਂ ਤੇ ਤੁਹਾਨੂੰ ਇਤਰਾਜ਼ ਹੈ ਤਾਂ ਰਾਗੀ ਸਿੰਘ ਗਵੱਈਆਂ ਵਾਂਗ ਗਾਉਂਦੇ ਹਨ, ਤੇ ਫਿਰ ਵੀ ਤੁਹਾਨੂੰ ਇਤਰਾਜ਼ ਹੈ ਫਿਰ ਤੁਸੀਂ ਹੀ ਦੱਸੋ ਕਿ ਰਾਗੀ ਕਿਹੜੀ ਗਾਇਕੀ ਗਾਉਣ?

ਦੂਜੀ ਗੱਲ ਕਿ ਸਾਰਾ ਸਿੱਖ ਜਗਤ ਹੀ ਇਹ ਰੌਲਾ ਪਾਈ ਜਾਂਦਾ ਹੈ ਕਿ ਬਾਹਰਲੀਆਂ ਧੁਨਾਂ ਰਾਗੀ ਸਿੰਘ ਨਾ ਗਾਉਣ, ਅਜ ਤਕ ਕਿਸੇ ਵੀ ਸਿਆਣੇ ਪੁਰਸ਼ ਨੇ ਇਹ ਸੋਚਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਗੁਰੂ ਸਾਹਿਬ ਨੇ ਆਪ ਬਾਹਰਲੀਆਂ ਧੁਨਾਂ ਤੇ ਗਾਉਣ ਦੀ ਹਿਦਾਇਤ ਕੀਤੀ ਹੋਈ ਹੈ। ਜਿਸ ਤਰ੍ਹਾਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਉਸ ਸਮੇਂ ਯਾਨੀ ਗੁਰੂ ਸਾਹਿਬ ਦੇ ਸਮੇਂ ਦੀਆਂ ਕਈ ਬਾਹਰਲੀਆਂ ਧੁਨਾਂ ਤੇ ਮਸ਼ਹੂਰ ਧੁਨਾਂ ਤੇ ਗਾਉਣ ਦੀ ਹਿਦਾਇਤ ਲਿਖੀ ਹੋਈ ਹੈ। ਜਿਸ ਤਰ੍ਹਾਂ ਕਿ ਗੁਰੂ ਗ੍ਰੰਥ ਸਾਹਿਬ ਵਿਚ 22 ਵਾਰਾਂ ਵਿਚੋਂ 9 ਵਾਰਾਂ ਤੇ ਬਾਹਰਲੀਆਂ ਧੁਨਾਂ ਤੇ ਗਾਉਣ ਦੀ ਹਿਦਾਇਤ ਲਿਖੀ ਹੋਈ ਹੈ। ਜੋ ਧੁਨਾਂ ਸਤਿਗੁਰ ਜੀ ਨੂੰ ਬਾਹਰਲੀਆਂ ਚੰਗੀਆਂ ਲੱਗੀਆਂ ਉਨ੍ਹਾਂ ਦੇ ਗਾਉਣ ਦੀ ਹਿਦਾਇਤ ਲਿਖ ਦਿੱਤੀ। ਇਨ੍ਹਾਂ ਤੋਂ ਇਲਾਵਾ ਉਸ ਜ਼ਮਾਨੇ ਜੋ ਮਸ਼ਹੂਰ ਧੁਨਾਂ, ਘੋੜੀਆਂ, ਛੰਦ, ਬਿਹਰੜੇ, ਜਤ, ਕਰਹਲੇ, ਵਣਜਾਰੇ, ਅਲਾਹਣੀਆਂ ਹੋਰ ਵੀ ਕਈ ਧੁਨਾਂ ਗਾਉਣ ਦੀ ਗੁਰੂ ਸਾਹਿਬ ਜੀ ਨੇ ਹਿਦਾਇਤ ਕੀਤੀ ਹੋਈ ਹੈ। ਇਸਦਾ ਅਰਥ ਇਹ ਹੈ ਕਿ ਜਿਸ ਧੁਨ ਦੇ ਗਾਉਣ ਨਾਲ ਈਸ਼ਵਰ ਨਾਲ ਜੁੜਿਆ ਜਾ ਸਕੇ, ਉਹ ਧੁਨ ਜਾਂ ਤਰਜ਼ ਗਾਉਣੀ ਕੋਈ ਮਾੜੀ ਗੱਲ ਨਹੀਂ। ਮੇਰੇ ਨਾਲ ਇਕ ਘਟਨਾ ਵਾਪਰੀ ਉਹ ਮੈਂ ਉਦਾਹਰਣ ਦੇ ਤੌਰ ਤੇ ਲਿਖ ਰਿਹਾ ਹਾਂ। ਸਤਿਕਾਰ ਯੋਗ ਗਿਆਨੀ ਸੰਤ ਸਿੰਘ ਮਸਕੀਨ ਸਾਹਿਬ ਇਕ ਵਾਰ ਮੇਰਠ ਗੁਰਦੁਆਰਾ ਸਿੰਘ ਸਭਾ ਥਾਪਰ ਨਗਰ ਵਿਖੇ ਕਥਾ ਕਰਨ ਲਈ ਆਏ ਤਾਂ ਸੰਗਤਾਂ ਨੇ ਉਨ੍ਹਾਂ ਕੋਲੋਂ ਚਾਰ ਦਿਨ ਕਥਾ ਦਾ ਟਾਈਮ ਲੈ ਲਿਆ, ਦਾਸ ਉਨ੍ਹੀ ਦਿਨੀਂ ਇਸੇ ਹੀ ਅਸਥਾਨ ਤੇ ਕੀਰਤਨ ਦੀ ਪੱਕੀ ਡਿਊਟੀ ਕਰਦਾ ਸੀ। ਮਸਕੀਨ ਸਾਹਿਬ ਜੀ ਨੇ ਉਦੋਂ ਦਾਸ ਪਾਸੋਂ ਪਹਿਲੀ ਵਾਰ ਹੀ ਕੀਰਤਨ ਸੁਣਿਆ ਸੀ। ਚਾਰ ਦਿਨ ਉਨ੍ਹਾਂ ਦਾ ਕਥਾ ਦਾ ਪ੍ਰੋਗਰਾਮ ਸੀ ਤੇ ਉਸ ਤੋਂ ਪਹਿਲਾਂ ਅਸੀਂ ਕੀਰਤਨ ਕਰਦੇ ਸਾਂ। ਮਸਕੀਨ ਸਾਹਿਬ ਦੀ ਇਹ ਖਾਸੀਅਤ ਸੀ ਕਿ ਉਹ ਕਥਾ ਕਰਨ ਤੋਂ ਪਹਿਲਾਂ ਘੰਟਾ ਜਾਂ ਅੱਧਾ ਘੰਟਾ ਕੀਰਤਨ ਜ਼ਰੂਰ ਸੁਣਦੇ ਸਨ। ਸੋ ਤਿੰਨ ਚਾਰ ਦਿਨ ਕੀਰਤਨ ਸੁਣਨ ਤੋਂ ਬਾਅਦ ਜਿਸ ਦਿਨ ਉਨ੍ਹਾਂ ਨੇ ਕਥਾ ਦੀ ਸਮਾਪਤੀ ਕੀਤੀ ਤੇ ਜਾਣ ਵੇਲੇ ਮੈਨੂੰ ਕਹਿਣ ਲੱਗੇ ਭਾਈ ਕਰਮ ਸਿੰਘ ਜੀ ਤੁਹਾਡੇ ਕੀਰਤਨ ਵਿਚ ਬਹੁਤ ਰਸ ਹੈ ਅਨੰਦ ਹੈ। ਤੁਸੀਂ ਇਸ ਵਾਰ ਸਾਡੇ ਸਲਾਨਾ ਗੁਰਮਤਿ ਸਮਾਗਮ ਜੋ ਅਸੀਂ ਅਲਵਰ ਵਿਖੇ ਕਰਦੇ ਹਾਂ ਉਥੇ ਜ਼ਰੂਰ ਆਉਣਾ, ਅਸੀਂ ਕਿਹਾ ਕਿ ਸਤਿ ਬਚਨ। ਅਸੀਂ ਜ਼ਰੂਰ ਹਾਜ਼ਰੀ ਭਰਾਂਗੇ। ਤੇ ਅਸੀਂ ਅਲਵਰ ਵਿਖੇ ਜੋ ਸਲਾਨਾ ਸਮਾਗਮ ਹੁੰਦਾ ਹੈ ਉਥੇ ਅਸੀਂ ਪਹੁੰਚ ਗਏ ਤਾਂ ਉਨ੍ਹਾਂ ਸਾਨੂੰ ਪਹਿਲੇ ਦਿਨ ਦੇ ਅੰਰਭ ਵਿਚ ਆਸਾ ਦੀ ਵਾਰ ਦਾ ਕੀਰਤਨ ਕਰਨ ਦੀ ਡਿਊਟੀ ਲਾਈ। ਤਾਂ ਅਸੀਂ ਆਸਾ ਦੀ ਵਾਰ ਦਾ ਕੀਰਤਨ ਕੀਤਾ।

ਇਹਸੰਨ 1973 ਦੀ ਗੱਲ ਹੈ। ਕੀਰਤਨ ਦੀ ਸਮਾਪਤੀ ਤੋਂ ਬਾਅਦ ਮਸਕੀਨ ਸਾਹਿਬ ਜੀ ਨੇ ਸਾਨੂੰ ਆਪਣੇ ਕਮਰੇ ਵਿਚ ਬੁਲਾ ਲਿਆ ਤੇ ਮੈਨੂੰ ਕਹਿਣ ਲੱਗੇ ਰਤਨ ਜੀ, ਤੁਹਾਡੇ ਕੀਰਤਨ ਦਾ ਅਨੰਦ ਜੋ ਸਾਨੂੰ ਮੇਰਠ ਆਇਆ ਸੀ ਉਸ ਤਰ੍ਹਾਂ ਦਾ ਅਨੰਦ ਨਹੀਂ ਆਇਆ। ਵਜ੍ਹਾ ਕੀ ਹੈ। ਤਾਂ ਮੈਂ ਕਿਹਾ ਗੱਲ ਇਹ ਹੈ ਕਿ ਇਥੇ ਅਸੀਂ ਨਿਰੋਲ ਰਾਗਾਂ ਵਿਚ ਕੀਰਤਨ ਕੀਤਾ ਹੈ। ਅਸੀਂ ਸੋਚਿਆ ਕਿ ਸੰਤਾਂ ਮਹਾਂ ਪੁਰਸ਼ਾਂ ਦਾ ਅਸਥਾਨ ਹੈ, ਤਾਂ ਮਸਕੀਨ ਜੀ ਕਹਿਣ ਲੱਗੇ ਕਿ ਰਤਨ ਜੀ ਗਾਇਕੀ ਦਾ ਅਨੰਦ ਤੇ ਤਾਂ ਹੀ ਹੈ ਜੇਕਰ ਸੁਣਨ ਵਾਲੇ ਦਾ ਮਨ ਖਿੱਚਿਆ ਜਾਵੇ, ਜਿਹੜਾ ਕੀਰਤਨ ਸਰੋਤਿਆਂ ਨੂੰ ਕੀਲ ਨਾ ਸਕੇ ਉਸ ਕੀਰਤਨ ਕਰਨ ਦਾ ਕੀ ਲਾਭ? ਸਾਨੂੰ ਤਾਂ ਮੇਰਠ ਵਰਗਾ ਹੀ ਕੀਰਤਨ ਸੁਣਾਵੋ, ਮੈਂ ਕਿਹਾ ਕਿ ਸਤਿ ਬਚਨ। ਅੱਗੋਂ ਇਸ ਤਰ੍ਹਾਂ ਹੀ ਹੋਵੇਗਾ। ਸੰਤ 73 ਤੋਂ ਲੈ ਕੇ ਮਸਕੀਨ ਸਾਹਿਬ ਜੀ ਦੇ ਅੰਤ ਸਮੇਂ ਤਕ ਉਨ੍ਹਾਂ ਨੇ ਸਾਨੂੰ ਆਪਣੇ ਨਾਲ ਰੱਖਿਆ ਹੈ ਅਤੇ ਕਦੇ ਵੀ ਮਸਕੀਨ ਸਾਹਿਬ ਨੇ ਇਹ ਨਹੀਂ ਕਿਹਾ ਕਿ ਤੁਸੀਂ ਸਰਲ ਧੁਨਾਂ ਕਿਉਂ ਗਾਉਂਦੇ ਹੋ। ਬਲਕਿ ਗਾਹੇ ਬਗਾਹੇ ਸਭ ਰਾਗੀਆਂ ਤੋਂ ਜ਼ਿਆਦਾ ਕਈ ਵਾਰ ਕਥਾ ਵਿਚ ਸਾਡੀ ਤਾਰੀਫ਼ ਕਰਦੇ ਸਨ, ਕਿ ਰਤਨ  ਸਾਹਿਬ ਦੇ ਕੀਰਤਨ ਵਿਚ ਬਹੁਤ ਰਸ ਹੈ। ਸੋ ਮਤਲਬ ਹੈ ਕਿ ਜੇਕਰ ਕੀਰਤਨ ਸੁਣ ਕੇ ਸਰੋਤੇ ਮੰਤਰ ਮੁਗਧ ਨਾ ਜਾਣ ਤਾਂ ਕੀਰਤਨ ਕਰਨ ਦਾ ਕੀ ਲਾਭ ਹੈ? ਅਤੇ ਜੇਕਰ ਪੱਕੇ ਰਾਗਾਂ ਵਿਚ ਜਾਂ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਨ ਨਾਲ ਰਸ ਪੈਦਾ ਨਾ ਹੋਵੇ, ਸਾਡਾ ਗਾਇਆ ਹੋਇਆ ਸਭ ਬੇਕਾਰ ਹੋ ਜਾਂਦਾ ਹੈ ਅਤੇ ਕਈ ਥਾਵਾਂ ਤੇ ਕਈ ਵਾਰ ਦੇਖਣ ਵਿਚ ਆਇਆ ਹੈ ਕਿ ਜਦੋਂ ਕੋਈ ਰਾਗੀ ਸਿੰਘ ਰਾਗ ਵਿਚ ਜਾਂ ਨਿਰਧਾਰਤ ਰਾਗਾਂ ਵਿਚ ਕੀਰਤਨ ਕਰ ਰਿਹਾ ਹੁੰਦਾ ਹੈ ਤਾਂ ਸਰੋਤੇ ਬੋਰ ਹੋ ਜਾਂਦੇ ਹਨ,ਅਤੇ ਕਈ ਵਾਰ ਉਠ ਕੇ ਹੀ ਚਲੇ ਜਾਂਦੇ ਹਨ। ਪੱਕਾ ਰਾਗ ਕੋਈ ਸੁਣਨ ਨੂੰ ਤਿਆਰ ਨਹੀਂ ਹੁੰਦਾ। ਮੇਰੇ ਦੇਖਣ ਵਿਚ ਆਇਆ ਹੈ ਕਿ ਆਮ ਤੌਰ ਤੇ ਉਨ੍ਹਾਂ ਰਾਗੀ ਜਥਿਆਂ ਨੂੰ ਸੰਗਤਾਂ ਜ਼ਿਆਦਾ ਮਾਣ ਦੇਂਦੀਆਂ ਹਨ ਜਾਂ ਗੁਰ ਪੁਰਬਾਂ ਤੇ ਸੱਦਦੀਆਂ ਹਨ ਤੇ ਸਭ ਤੋਂ ਜ਼ਿਆਦਾ ਮਾਇਆ ਦੇਂਦੀਆਂ ਹਨ, ਜਿਹੜੇ ਫ਼ਿਲਮੀ ਧੁਨਾਂ ਤੇ ਕੀਰਤਨ ਕਰਦੇ ਹਨ। ਸਾਡੇ ਸਭ ਤੋਂ ਪਾਵਨ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਦੋ ਤਿੰਨ ਰਾਗੀ ਜਥੇ ਛੱਡ ਕੇ ਬਾਕੀ ਸਭ ਬਾਹਲੀਆਂ ਧੁਨਾਂ ਤੇ ਕੀਰਤਨ ਕਰਦੇ ਹਨ, ਤੇ ਸੰਗਤਾਂ ਉਨ੍ਹਾਂ ਨੂੰ ਸਭ ਤੋਂ ਜ਼ਿਆਦਾ ਬਾਹਰ ਵੀ ਬੁਲਾਉਂਦੀਆਂ ਹਨ। ਸੋ ਬੇਨਤੀ ਹੈ ਕਿ ਜਦ ਤੁਸੀਂ ਸਨਮਾਨ ਹੀ ਉਨ੍ਹਾਂ ਰਾਗੀ ਜਥਿਆਂ ਨੂੰ ਤੇ ਦੇਂਦੇ ਹੋ ਤਾਂ ਫਿਰ ਇਸ ਗੱਲ ਦਾ ਰੌਲਾ ਕਿਉਂ ਮਚਾਉਂਦੇ ਹੋ ਕਿ ਰਾਗੀ ਬਾਹਰਲੀਆਂ ਧੁਨਾਂ ਤੇ ਕੀਰਤਨ ਕਰਦੇ ਹਨ। ਸਾਰਾ ਸਿੱਖ ਜਗਤ ਬਸ ਇਹੀ ਰੌਲਾ ਪਾਈ ਜਾਂਦਾ ਹੈ ਕਿ ਰਾਗੀ ਸਿੰਘ ਫ਼ਿਲਮੀ ਧੁਨਾਂ ਤੇ ਕੀਰਤਨ ਕਿਉਂ ਕਰਦੇ ਹਨ, ਤੇ ਜਿਹੜੇ ਰਾਗੀ ਸਿੰਘ ਰਾਗਾਂ ਵਿਚ ਜਾਂ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਦੇ ਹਨ, ਉਨ੍ਹਾਂ ਨੂੰ ਨਾ ਤਾਂ ਲੋਕ ਸੁਣਦੇ ਹਨ ਤੇ ਨਾ ਹੀ ਸਨਮਾਨ ਦੇਂਦੇ ਹਨ। ਇਸ ਲਈ ਸਾਰੇ ਸਿੱਖ ਜਗਤ ਨੂੰ ਮੇਰੀ ਅਪੀਲ ਹੈ ਕਿ ਜਾਂ ਧੁਨਾਂ ਦਾ ਰੌਲਾ ਪਾਉਣਾ ਛੱਡ ਕੇ ਜੋ ਰਾਗੀ ਸਿੰਘ ਸ਼ਬਦ ਪੜ੍ਹਦੇ ਹਨ, ਉਸ ਨਾਲ ਜੁੜਿਆ ਕਰੋ ਤੇ ਜਾਂ ਕਲਾਸੀਕਲ ਕੀਰਤਨ ਵਾਲਿਆਂ ਦਾ ਉਨ੍ਹਾਂ ਤੋਂ ਵਧ ਸਤਿਕਾਰ ਕਰੋ।

ਸ. ਕਰਮ ਸਿੰਘ ਔਜਲਾ ਦੇ ਲੇਖ ਵਿਚ ਜੋ ਦੂਜੀ ਗੱਲ ਆਈ ਉਹ ਹੈ ਰਾਗੀ ਸਿੰਘਾਂ ਦਾ ਵਿਹਾਰ-ਵਪਾਰ। ਜਿਸ ਦੇ ਸਬੰਧ ਵਿਚ ਇਨ੍ਹਾਂ ਨੇ ਲਿਖਿਆ ਹੈ ਕਿ ਉਹ ਮੂਲ ਮੁੱਦਾ ਹੈ ਕਿ ਰਾਗੀ ਸਿੰਘ ਮਿਹਨਤ ਨਹੀਂ ਕਰਦੇ,। ਸ਼ਬਦ ਯਾਦ ਨਹੀਂ ਕਰਦੇ ਅਤੇ ਕੀਰਤਨ ਨਾਲ ਵਪਾਰ ਕਰਦੇ ਹਨ। ਤੇ ਮਾਇਆ ਵੱਲ ਜ਼ਿਆਦਾ ਧਿਆਨ ਦੇਂਦੇ ਹਨ। ਆਪਣੀ ਗੱਲ ਸਿੱਧ ਕਰਨ ਲਈ ਉਨ੍ਹਾਂ ਨੇ ਕੁਝ ਰਾਗੀ ਸਿੰਘਾਂ ਦੇ ਨਾਮ ਲਿਖ ਕੇ ਉਦਾਹਰਣ ਦਿੱਤੀ ਹੈ। ਜਿਸ ਤਰ੍ਹਾਂ ਕਿ ਭਾਈ ਸੁਰਜਨ ਸਿੰਘ, ਭਾਈ ਸਮੁੰਦ ਸਿੰਘ, ਭਾਈ ਬਲਬੀਰ ਸਿੰਘ, ਸ. ਉੱਤਮ ਸਿੰਘ ਫ਼ਿਲਮੀ ਮਿਊਜ਼ਿਕ ਡਾਇਰੈਕਟਰ ਦਾ ਨਾਮ ਵੀ ਲਿਖਿਆ ਹੈ।

ਸੋ ਇਸ ਸਬੰਧ ਵਿਚ ਬੇਨਤੀ ਹੈ ਕਿ ਇਸ ਗੱਲ ਨਾਲ ਤਾਂ ਮੈਂ ਵੀ ਸਹਿਮਤ ਹਾਂ ਕਿ ਰਾਗੀ ਸਿੰਘਾਂ ਨੂੰ ਸ਼ਬਦ ਗੁਰਬਾਣੀ ਦੇ ਵਧ ਤੋਂ ਵਧ ਯਾਦ ਕਰਨੇ ਚਾਹੀਦੇ ਹਨ। ਤੇ ਸੰਗੀਤ ਰਾਗ ਵੱਲ ਧਿਆਨ ਦੇਣਾ ਚਾਹੀਦਾ ਹੈ ਜਦ ਸਾਡਾ ਕੰਮ ਹੀ ਇਹ ਹੈ ਕਿ ਫਿਰ ਕਿਉਂ ਨਾ ਵੱਧ ਤੋਂ ਵੱਧ ਗੁਰਬਾਣੀ ਯਾਦ ਕੀਤੀ ਜਾਵੇ, ਜਿਸ ਤਰ੍ਹਾਂ ਕਿ ਭਾਈ ਸੁਰਜਨ ਸਿੰਘ ਅੱਖਾਂ ਤੋਂ ਹੀਣ ਸਨ ਫਿਰ ਵੀ ਉਨ੍ਹਾਂ ਨੂੰ ਸਭ ਰਾਗੀ ਸਿੰਘਾਂ ਤੋਂ ਵਧ ਗੁਰਬਾਣੀ ਯਾਦ ਸੀ। ਭਾਈ ਸਾਹਿਬ ਜੀ ਸਾਰੀ ਰਾਤ ਰੈਣ ਸਬਾਈ ਕੀਰਤਨ ਇਕੱਲੇ ਹੀ ਕਰ ਦਿੰਦੇ ਸਨ ਅਤੇ ਭਾਈ ਸਾਹਿਬ ਭਾਈ ਬਲਬੀਰ ਸਿੰਘ  ਜੀ ਨੂੰ ਦਸਮ ਪਾਤਸ਼ਾਹ ਜੀ ਦੀ ਬਾਣੀ, ਗੁਰੂ

ਗ੍ਰੰਥ ਸਾਹਿਬ ਜੀ ਦੀ ਬਾਣੀ ਤੇ ਭਾਈ ਗੁਰਦਾਸ ਜੀ ਦੀ ਬਾਣੀ ਅਜ ਦੇ ਰਾਗੀਆਂ ਵਿਚੋਂ ਵੀ ਸਭ ਤੋਂ ਵੱਧ ਯਾਦ ਹੈ, ਅੱਜ ਵੀ ਉਹ ਕੀਰਤਨ ਦੇ ਮੁਜਸੱਮੇ ਹਨ, ਕੀਰਤਨ ਦੇ ਪ੍ਰਤੀਕ ਹਨ, ਇਕ ਮਿਸਾਲ ਹਨ। ਰਾਗਦਾਰੀ ਅਤੇ ਪੁਰਾਤਨ ਕੀਰਤਨ ਦੇ ਹੋਰ ਵੀ ਬਹੁਤ ਸਾਰੇ ਐਸੇ ਰਾਗੀ ਹਨ ਜੋ ਕੀਰਤਨ ਕੀ ਮਿਸਾਲ ਸਨ, ਜਿਸ ਤਰ੍ਹਾਂ ਕਿ ਭਾਈ ਸੁਮੰਦ ਸਿੰਘ ਜੀ, ਭਾਈ ਸੰਤੋਖ ਸਿੰਘ ਸੰਧੂ, ਸੰਤ ਬਹਾਰਦਰ ਸਿੰਘ ਜਲੰਧਰ ਵਾਲੇ, ਭਾਈ ਧਰਮ ਸਿੰਘ ਜ਼ਖ਼ਮੀ, ਭਾਈ ਸੰਤਾ ਸਿੰਘ ਜੀ ਸਵਰਗੀ ਗੁ. ਸੀਸ ਗੰਜ ਸਾਹਿਬ ਦਿੱਲੀ ਵਾਲੇ, ਇਨ੍ਹਾਂ ਬੇਮਿਸਾਲ ਰਾਗੀ ਸਿੰਘਾਂ ਨੂੰ ਨਜ਼ਰ ਵਿਚ ਰੱਖ ਕੇ ਨਵੇਂ ਰਾਗੀ ਸਿੰਘਾਂ ਨੂੰ ਆਪਣੀ ਤਰੱਕੀ ਕਰਨੀ ਚਾਹੀਦੀ ਹੈ ਤੇ ਉਨ੍ਹਾਂ ਦੇ ਪੂਰਨਿਆਂ ਤੇ ਚੱਲ ਕੇ ਉਸੇ ਤਰ੍ਹਾਂ ਦੇ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਹੁਣ ਤੀਜੀ ਗੱਲ ਆਉਂਦੀ ਹੈ ਜੋ ਕਿ 'ਅੰਜਲਾ' ਜੀ ਨੇ ਵਪਾਰ ਦੀ ਗੱਲ ਕੀਤੀ ਹੈ। ਰਾਗੀ ਸਿੰਘਾਂ ਦੇ ਵਪਾਰ ਦੀ।

ਸੋ ਇਸ ਸਬੰਧ ਵਿਚ ਬੇਨਤੀ ਹੈ ਕਿ ਦਾਸ ਕਈ ਸਾਲਾਂ ਤੋਂ ਇਹ ਅਖ਼ਬਾਰਾਂ, ਮੈਗਜ਼ੀਨਾਂ, ਰਸਾਲਿਆਂ ਵਿਚ ਰਾਗੀ ਸਿੰਘਾਂ ਬਾਰੇ ਪੜ੍ਹਦਾ ਆ ਰਿਹਾ ਹੈ। ਕਈ ਗੁਰਦੁਆਰਿਆਂ ਦੇ ਪ੍ਰਬੰਧਕ ਅਤੇ ਕਈ ਬੁੱਧੀਜੀਵੀ ਲਿਖਾਰੀ ਰਾਗੀ ਸਿੰਘਾਂ ਬਾਰੇ ਲਿਖਦੇ ਰਹਿੰਦੇ ਹਨ। ਜਿਸ ਲਿਖਾਰੀ ਨੂੰ ਕੋਈ ਹੋਰ ਵਿਸ਼ਾ ਨਹੀਂ ਲੱਭਦਾ ਉਹ ਰਾਗੀ ਸਿੰਘਾਂ ਬਾਰੇ ਲਿਖਣਾ ਸ਼ੁਰੂ ਕਰ ਦਿੰਦਾ ਹੈ ਕਿ ਰਾਗੀ ਸਿੰਘ ਲਾਲਚੀ ਹੋ ਗਏ ਹਨ, ਇਹ ਰਾਗਾਂ ਵਿਚ ਕੀਰਤਨ ਨਹੀਂ ਕਰਦੇ, ਇਹ ਫਿਲਮੀ ਤਰਜ਼ਾਂ ਤੇ ਕੀਰਤਨ ਕਰਦੇ ਹਨ। ਇਨ੍ਹਾਂ ਦਾ ਆਚਰਨ ਕੋਈ ਨਹੀਂ, ਇਹਨਾਂ ਲਾਲਚੀ ਰਾਗੀ ਸਿੰਘਾਂ ਕਰਕੇ ਸਿੱਖ ਪਤਿੱਤ ਹੋਈ ਜਾ ਰਹੇ ਹਨ। ਸਿੱਖੀ ਖਤਮ ਹੁੰਦੀ ਜਾ ਰਹੀ ਹੈ। ਇਹ ਸਭ ਇਲਜ਼ਾਮ ਰਾਗੀ ਸਿੰਘਾਂ ਤੇ ਲੱਗ ਰਹੇ ਹਨ। ਜਿਹੜਾ ਵੀ ਲੇਖਕ ਉਠਦਾ ਹੈ ਉਹ ਰਾਗੀ ਸਿੰਘਾਂ ਦੇ ਖਿਲਾਫ਼ ਅਪਣੀ ਭੜਾਸ ਕੱਢ ਲੈਂਦਾ ਹੈ ਅਤੇ ਸਮਝਦੇ ਹਨ ਕਿ ਅਸੀਂ ਬੜਾ ਵੱਡਾ ਤੀਰ ਮਾਰ ਲਿਆ ਹੈ।

ਕੀ ਕਦੇ ਕਿਸੇ ਨੇ ਇਹ ਵੀ ਸੋਚਿਆ ਹੈ ਕਿ ਰਾਗੀ ਸਿੰਘਾਂ ਨੂੰ ਪ੍ਰੇਸ਼ਾਨੀਆਂ ਕੀ ਹਨ? ਉਨ੍ਹਾਂ ਨੂੰ ਕੀ ਕੀ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ? ਕਦੀ ਕਿਸੇ ਨੇ ਇਨ੍ਹਾਂ ਗੱਲਾਂ ਵੱਲ ਵੀ ਧਿਆਨ ਦਿੱਤਾ ਹੈ ਕਿ ਰਾਗੀ ਸਿੰਘ ਕਿਉਂ ਸ਼ਬਦ ਯਾਦ ਨਹੀਂ ਕਰਦੇ, ਕਿਉਂ ਸੰਗੀਤ ਦੀ ਮਿਹਨਤ ਨਹੀਂ ਕਰਦੇ। ਰਾਗੀ ਸਿੰਘ ਆਪਣੇ ਪਰਿਵਾਰ ਕਿਵੇਂ ਪਾਲਦੇ ਹਨ। ਇਸ ਸਬੰਧ ਵਿਚ ਮੈਂ ਆਪਣੇ ਵਿਚਾਰ ਰੱਖਾਂ, ਇਸ ਤੋਂ ਪਹਿਲਾਂ ਮੈਂ ਇਤਿਹਾਸ ਵਿਚੋਂ ਇਕ ਉਦਾਹਰਣ ਮੈਂ ਆਪ ਦੇ ਸਾਹਮਣੇ ਰੱਖ ਰਿਹਾ ਹਾਂ। ਗੁਰਬਾਣੀ ਵਿਚ ਚੌਥੇ ਪਾਤਸ਼ਾਹ ਦੀਆਂ ਇਕ ਦੋ ਪੰਕਤੀਆਂ ਹਨ:

*ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ*
*ਤਿਸੁ ਮਨੁ ਤਨੁ ਆਪਣਾ ਦੇਵਾ।*
*ਨਿਤ ਪਖਾ ਫੇਰੀ ਸੇਵ ਕਮਾਵਾ*
*ਤਿਸੁ ਆਗੈ ਪਾਣੀ ਢੋਵਾ।*
*ਨਿਤ ਨਿਤ ਸੇਵ ਕਰੀ ਹਰਿ ਜਨ ਕੀ*
*ਜੋ ਹਰਿ ਹਰਿ ਕਥਾ ਸੁਣਾਏ।* ਵਡਹੰਸ ਮ: 4(561)

ਦੂਜੀ ਮਿਸਾਲ

*ਤੈ ਸਾਹਿਬਕੀ ਬਾਤ ਜਿ ਆਖੈ*
*ਕਹੁ ਨਾਨਕ ਕਿਆ ਦੀਜੈ।*
*ਸੀਸੁ ਵਢੇ ਕਰਿ ਬੈਸਣੁ ਦੀਜੈ*
*ਵਿਣੁ ਸਿਰ ਸੇਵ ਕਰੀਜੈ।* ਵਡਹੰਸ ਮ:1 (558)

ਗੁਰਬਾਣੀ ਦੀਆਂ ਇਨ੍ਹਾਂ ਪੰਕਤੀਆਂ ਵਿਚ ਜੋ ਕੁਝ ਸਤਿਗੁਰ ਜੀ ਨੇ ਕਿਹਾ ਹੈ ਉਹ ਸਿਰਫ਼ ਕਿਹਾ ਹੀ ਨਹੀਂ, ਪ੍ਰੈਕਟੀਕਲ ਵੀ ਕੀਤਾ ਹੈ। ਇਤਿਹਾਸ ਵਿਚ ਇਕ ਸਾਖੀ ਆਉਂਦੀ ਹੈ, ਕਿ ਇਕ ਮਿਰਾਸੀ ਗਵੱਈਏ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦੀ ਬੜੀ ਸ਼ੋਭਾ ਸੁਣੀ ਹੋਈ ਸੀ ਕਿ ਜੋ ਗਵੱਈਆ ਗੁਰੂ ਸਾਹਿਬ ਜੀ ਨੂੰ ਗਾ ਕੇ ਸੁਣਾਵੇ ਖੁਸ਼ ਕਰੇ, ਸਤਿਗੁਰੂ ਜੀ ਉਸ ਦੀਆਂ ਸਭ ਭੁੱਖਾਂ ਮਿਟਾ ਦੇਂਦੇ ਹਨ। ਇਹ ਸੁਣ ਕੇ ਉਹ ਵੀ ਸਤਿਗੁਰ ਜੀ ਦੇ ਦਰਬਾਰ ਵਿਚ ਅਨੰਦਪੁਰ ਸਹਿਬ ਪਹੁੰਚ ਗਿਆ, ਤੇ ਉਸ ਨੇ ਸਤਿਗੁਰ ਜੀ ਤੋਂ ਆਗਿਆ ਮੰਗ ਕੇ ਬੜੇ ਰਾਗ ਗਾ ਕੇ ਸੁਣਾਏ। ਪਰ ਸਤਿਗੁਰ ਜੀ ਪ੍ਰਸੰਨ ਨਹੀਂ ਹੋਏ। ਆਖਿਰ ਉਹ ਗਵੱਈਆ ਨਿਰਾਸ਼ ਹੋ ਕੇ ਵਾਪਸ ਜਾ ਰਿਹਾ ਸੀ ਕਿ ਰਸਤੇ ਵਿਚ ਉਸਨੂੰ ਇਕ ਗੁਰਸਿੱਖ ਮਿਲ ਗਿਆ। ਗੁਰਸਿੱਖ ਨੇ ਉਸ ਤੋਂ ਪੁਛਿਆ, ਭਾਈ ਤੂੰ ਕਿਥੋਂ ਆ ਰਿਹਾ ਹੈਂ ਤਾਂ ਉਸਨੇ ਕਿਹਾ ਕਿ ਅਨੰਦਪੁਰ ਸਾਹਿਬ ਤੋਂ ਆ ਰਿਹਾ ਹਾਂ ਗੁਰੂ ਮਹਾਰਾਜ ਦੇ ਦਰਸ਼ਨ ਕਰਕੇ। ਤਾਂ ਸਿੱਖ ਕਹਿਣ ਲੱਗਾ ਕਿ ਜਿਹੜਾ ਗੁਰੂ ਦੇ ਦਰਸ਼ਨ ਕਰਕੇ ਆਵੇ, ਉਹ ਤਾਂ ਬੜਾ ਖੁਸ਼ ਹੋ ਕੇ ਅਨੰਦ ਹੋ ਕੇ ਜਾਂਦਾ ਹੈ। ਪਰ ਤੇਰੇ ਚਿਹਰੇ ਤੇ ਤਾਂ ਉਦਾਸੀ ਤੇ ਨਿਰਾਸ਼ਾ ਛਾਈ ਹੋਈ ਹੈ।

ਤਾਂ ਉਸ ਗਵੱਈਏ ਨੇ ਸਾਰੀ ਗੱਲ ਸਿੱਖ ਨੂੰ ਕਹਿ ਸੁਣਾਈ। ਸਾਰੀ ਗੱਲ ਸੁਣ ਕਿ ਸਿੱਖ ਨੇ ਕਿਹਾ ਆ ਮੈ ਤੈਨੂੰ ਤਰੀਕਾ ਦੱਸਦਾ ਗੁਰੂ ਜੀ ਨੂੰ ਖੁਸ਼ ਕਰਨ ਦਾ। ਗੁਰਸਿੱਖ ਨੇ ਗੁਰਬਾਣੀ ਇਕ ਸ਼ਬਦ ਉਸ ਨੂੰ ਯਾਦ ਕਰਵਾ ਦਿੱਤਾ ਤੇ ਕਿਹਾ ਕਿ ਜਾਹ ਹੁਣ ਇਹ ਸ਼ਬਦ ਸਤਿਗੁਰ ਜੀ ਨੂੰ ਗਾ ਕੇ ਸੁਣਾ। ਤਾਂ ਉਸ ਗਵੱਈਏ ਨੇ ਸਤਿਗੁਰ ਜੀ ਤੋਂ ਆਗਿਆ ਲੈ ਕੇ ਉਹ ਸ਼ਬਦ ਬੜੇ ਪ੍ਰੇਮ ਨਾਲ ਸਤਿਗੁਰ ਜੀ ਨੂੰ ਗਾ ਕੇ ਸੁਣਾਇਆ। ਸਤਿਗੁਰ ਜੀ ਬੜੇ ਪ੍ਰਸੰਨ ਹੋਏ। ਸਤਿਗੁਰ ਨੇ ਇਕ ਚਿੱਟ ਖਜ਼ਾਨਚੀ ਦੇ ਨਾਮ ਦਿੱਤੀ, ਇਸ ਮਿਰਾਸੀ ਨੂੰ ਕਿਹਾ ਕਿ ਜਾਓ, ਖ਼ਜ਼ਾਨਚੀ ਤੋਂ ਆਪਣਾ ਇਨਾਮ ਲੈ ਲਓ, ਚਿੱਟ ਤੇ ਲਿਖਿਆ ਸੀ ਕਿ ਇਸ ਪ੍ਰੇਮੀ ਨੂੰ ਇਕ ਥੈਲੀ ਮੋਹਰਾਂ ਦੀ ਦੇ ਦਿਓ, ਇਹ ਪ੍ਰੇਮੀ ਚਿੱਟ ਲੈ ਕੇ ਖ਼ਜ਼ਾਨਚੀ ਪਾਸ ਪੁੱਜਾ ਤੇ ਉਸਨੂੰ ਚਿੱਟ ਦੇ ਦਿੱਤੀ। ਖ਼ਜ਼ਾਨਚੀ ਚਿੱਟ ਪੜ੍ਹ ਕੇ ਹੈਰਾਨ ਰਹਿ ਗਿਆ, ਕਿ ਇਕ ਸ਼ਬਦ ਦੀ ਭੇਟਾ ਸਤਿਗੁਰ ਜੀ ਨੇ ਏਨੀ ਵੱਡੀ ਲਿਖ ਦਿੱਤੀ। ਉਸਨੇ ਸਮਝਿਆ ਕਿ ਸ਼ਾਇਦ ਸਤਿਗੁਰ ਜੀ ਨੇ ਗਲਤੀ ਨਾਲ ਏਨੀ ਵੱਡੀ ਭੇਟਾ ਲਿਖ ਦਿੱਤੀ। ਖ਼ਜ਼ਾਨਚੀ ਭੋਲੇ ਨੂੰ ਇਹ ਪਤਾ ਨਹੀਂ ਕਿ ਗੁਰੂ ਕਦੇ ਗਲਤੀ ਨਹੀਂ ਕਰਦੇ। ਖ਼ਜ਼ਾਨਚੀ ਨੇ ਉਸ ਪ੍ਰੇਮੀ ਨੂੰ ਕਿਹਾ ਇਹ ਚਿੱਟ ਦੁਬਾਰਾ ਲਿਖਾ ਕਿ ਲਿਆਓ, ਤਾਂ ਪ੍ਰੇਮੀ ਸਤਿਗੁਰ ਜੀ ਕੋਲ ਵਾਪਸ ਜਾ ਕੇ ਬੇਨਤੀ ਕੀਤੀ ਕਿ ਖ਼ਜ਼ਾਨਚੀ ਜੀ ਨੇ ਕਿਹਾ ਕਿ ਚਿੱਟ ਦੁਬਾਰਾ ਲਿਖਾ ਕਿ ਲਿਆਓ। ਤਾਂ ਸਤਿਗੁਰ ਜੀ ਨੇ ਪਹਿਲੀ ਚਿੱਟ ਆਪਣੇ ਪਾਸ ਰੱਖ ਲਈ ਤੇ ਨਵੀਂ ਚਿੱਟ 'ਤੇ ਲਿਖ ਦਿੱਤਾ ਕਿ ਪ੍ਰੇਮੀ ਨੂੰ ਦੋ ਥੈਲੀਆਂ ਮੋਹਰਾਂ ਦੇ ਦਿਓ। ਜਦ ਉਹ ਪ੍ਰੇਮੀ ਚਿੱਟ ਲੈ ਕੇ ਦੁਬਾਰਾ ਖ਼ਜ਼ਾਨਚੀ ਪਾਸ ਗਿਆ ਤਾਂ ਖ਼ਜ਼ਾਨਚੀ ਚਿੱਟ ਪੜ੍ਹ ਕੇ ਹੋਰ ਹੈਰਾਨ ਹੋ ਗਿਆ। ਤੇ ਆਪਣੀ ਸ਼ੰਕਾ ਮਿਟਾਉਣ ਵਾਸਤੇ ਉਠ ਕੇ ਆਪ ਸਤਿਗੁਰ ਪਾਸ ਆ ਗਿਆ ਤੇ ਬੇਨਤੀ ਕਰਨ ਲੱਗਾ ਮਹਾਰਾਜ ਇਕ ਸ਼ਬਦ ਦੀ ਇਤਨੀ ਭੇਟਾ ਆਪ ਜੀ ਨੇ ਲਿਖੀ ਕੇ ਦਿੱਤੀ ਹੈ। ਤਾਂ ਸਤਿਗੁਰ ਜੀ ਕਹਿਣ ਲੱਗੇ ਮੈਂ ਭੇਟਾ ਥੋੜ੍ਹੀ ਲਿਖੀ ਹੈ ਤੁਸੀਂ ਇਨ੍ਹਾਂ ਨੂੰ ਪੰਜ ਥੈਲੀਆਂ ਮੋਹਰਾਂ ਦੀਆਂ ਦੇ ਦਿਓ। ਸੋ ਪਾਠਕ ਜਨੋ ਹੁਣ ਜ਼ਰਾ ਧਿਆਨ ਦੇਣਾ ਉਸ ਜ਼ਮਾਨੇ ਦੀ ਇਕ ਥੈਲੀ ਮੋਹਰਾਂ ਦੀ ਅੱਜ ਦੇ 5 ਲੱਖ ਰੁਪਏ ਦੇ ਬਰਾਬਰ ਸੀ, ਤੇ ਸਤਿਗੁਰ ਜੀ ਨੇ ਪੰਜ ਥੈਲੀਆਂ ਇਕ ਸ਼ਬਦ ਦੀ ਭੇਟਾ ਦੇ ਦਿੱਤੀ, ਕੱਟੀ ਗਈ ਨਾ ਉਸ ਮਿਰਾਸੀ ਦੀ ਗਰੀਬੀ ਤੇ ਹੁਣ ਸਾਡੇ ਪ੍ਰਬੰਧਕ ਗੁਰਦੁਆਰਿਆਂ ਦੇ ਕੀ ਕਰਦੇ ਹਨ, ਰਾਗੀਆਂ ਨਾਲ ਵਿਵਹਾਰ ਇਹ ਵੀ ਦੋ ਤਰ੍ਹਾਂ ਦੇ ਮਾਪਦੰਡ ਹਨ, ਗੁਰਪੁਰਬਾਂ ਤੇ ਜਾਂ ਕੀਰਤਨ ਦਰਬਾਰਾਂ ਤੇ ਰਾਗੀ ਜਥਿਆਂ ਨਾਲ ਸੌਦੇ ਬਾਜ਼ੀ ਤੈਅ ਹੁੰਦੀ ਹੈ ਜਿਹੜਾ ਰਾਗੀ ਜਥਾ ਸਭ ਤੋਂ ਜ਼ਿਆਦਾ ਪੈਸਾ ਮੰਗੇ ਪ੍ਰੋਗਰਾਮ ਦਾ ਉਸ ਜਥੇ ਨੂੰ ਪ੍ਰਬੰਧਕ ਸਮਝਦੇ ਹਨ ਕਿ ਇਹ ਜਥਾ ਵਧੀਆ ਹੋਣਾ, ਕਿਉਂਕਿ ਇਸ ਦੀ ਇਤਨੀ ਵੱਡੀ ਭੇਟਾ ਹੈ, ਭਾਵੇਂ ਕੀਰਤਨ ਉਹਦਾ ਕੁਝ ਵੀ ਨਾ ਹੋਵੇ ਤੇ ਜਿਹੜਾ ਜਥਾ ਕੀਰਤਨ ਵੀ ਵਧੀਆ ਕਰਦਾ ਹੋਵੇ, ਪਰ ਭੇਟਾ ਇਸ ਕਰਕੇ ਘੱਟ ਮੰਗ ਲਵੇ ਕਿ ਕਿਧਰੇ ਮੇਰੇ ਹੱਥੋਂ ਪ੍ਰੋਗਰਾਮ ਨਾ ਨਿਕਲ ਜਾਵੇ ਜਾਂ ਪ੍ਰਬੰਧਕ ਨਾ ਨਰਾਜ਼ ਹੋ ਜਾਣ, ਉਸ ਜਥੇ ਨੂੰ ਪ੍ਰਬੰਧਕ ਇਹੀ ਸਮਝਦੇ ਹਨ ਕਿ ਇਹ ਜਥਾ ਐਵੇਂ ਹੀ ਹੋਣਾ ਹੈ। ਇਹਨੇ ਘੱਟ ਭੇਟਾ ਮੰਗੀ ਹੈ। ਇਸ ਲਈ ਇਹ ਜਥਾ ਕੋਈ ਖਾਸ ਨਹੀਂ ਹੋਣਾ ਤੇ ਫਿਰ ਵਿਆਹ ਸ਼ਾਦੀਆਂ ਤੇ ਸਾਡੇ ਮੰਨੇ ਪ੍ਰਮੰਨੇ ਗੁਰ ਸਿੱਖ ਘਰਾਣੇ, ਫਜ਼ੂਲ ਕੰਮਾਂ ਤੇ ਬੇ ਥਹਾ ਪੈਸਾ ਖਰਚ ਦੇਂਦੇ ਹਨ। ਸਿਰਫ਼ ਆਪਣੇ ਹੰਕਾਰ ਦਾ ਦਿਖਾਵਾ ਕਰਨ ਲਈ, ਸ਼ਰਾਬਾਂ ਤੇ ਹਜ਼ਾਰਾਂ ਰੁਪਏ ਉਡ ਜਾਂਦੇ ਹਨ, ਫਿਰ ਬੈਂਡ ਵਾਲਿਆਂ ਨੂੰ ਬੱਚਿਆਂ ਤੋਂ ਵਾਰ ਕੇ ਸੌ ਸੌ ਦੇ ਪੰਜ ਪੰਜ ਸੌ ਦੇ ਨੋਟ ਦੇ ਛੱਡਦੇ ਹਨ ਅਤੇ ਫਿਰ ਜਿਹੜੇ ਗਾਉਣ ਵਾਲੇ ਸੱਦ ਲੈਂਦੇ ਹਨ, ਉਨ੍ਹਾਂ ਨੂੰ ਹਜ਼ਾਰਾਂ ਲੱਖਾਂ ਰੁਪਏ ਦੇ ਦੇਂਦੇ ਹਨ। ਪਰ ਜਦੋਂ ਅਨੰਦ ਕਾਰਜ ਵੇਲੇ ਰਾਗੀ ਜਥੇ ਨੂੰ ਸ਼ਬਦ ਭੇਟ ਦੇਣੀ ਹੁੰਦੀ ਹੈ ਤਾਂ ਇਨਾਂ ਦੀ ਜੇਬ 'ਚੋਂ ਦੱਸ ਰੁਪਏ ਤੋਂ ਉਤੇ ਦਾ ਨੋਟ ਹੀ ਨਹੀਂ ਨਿਕਲਦਾ ਤੇ ਭੇਟਾ ਦੇਣ ਦੀ ਵਾਰੀ ਇਕ ਦੂਜੇ ਨੂੰ ਪੁੱਛਦੇ ਰਹਿੰਦੇ ਹਨ, ਕਿ ਕਿੰਨੀ ਭੇਟਾ ਦੇਈਏ ਦੇਖੀਏ ਕਿਤੇ ਜ਼ਿਆਦਾ ਭੇਟਾ ਦਾ ਦਿੱਤੀ ਜਾਵੇ, ਕੁਰੈਹਤ ਹੋ ਜਾਵੇਗੀ। ਤੇ ਜੇ ਕਿਤੇ ਰਾਗੀ ਆਪ ਭੇਟਾ ਮੰਗ ਲੈਣ ਤਾਂ ਅਸੀਂ ਅੱਗੋਂ ਕਹਿੰਦੇ ਹਾਂ ਕਿ ਭਾਈ ਸਾਹਿਬ ਤੁਸੀਂ ਬਾਣੀ ਵੇਚਣ ਲੱਗ ਪਏ ਹੋ।

ਸ. ਕਰਮ ਸਿੰਘ ਔਜਲਾ ਜੀ ਨੇ ਕੁਝ ਰਾਗੀ ਸਿੰਘਾਂ ਦਾ ਨਾਮ ਲਿਖ ਕੇ ਜ਼ਿਕਰ ਕੀਤਾ ਕਿ ਉਹ ਲਾਲਚੀ ਨਹੀਂ ਸਨ, ਜੋ ਕੋਈ ਭੇਟਾ ਦੇ ਦੇਵੇ ਉਹ ਚੁੱਪ ਕਰਕੇ ਲੈ ਲੈਂਦੇ ਸਨ, ਜਿਸ ਤਰ੍ਹਾਂ ਇਨ੍ਹਾਂ ਨੇ ਭਾਈ ਸਮੁੰਦ ਸਿੰਘ ਜੀ ਬਾਰੇ ਵੀ ਲਿਖਿਆ ਕਿ ਜੇਕਰ ਕੋਈ 5 ਰੁਪਏ ਭੇਟਾ ਵੀ ਦੇਵੇ ਤਾਂ ਭਾਈ ਸਾਹਿਬ ਲੈ ਲੈਂਦੇ ਸਨ। ਕਿਸੇ ਨੂੰ ਕੁਝ ਨਹੀਂ ਕਹਿੰਦੇ ਸਨ। ਇਨ੍ਹਾਂ ਨੇ ਅੱਗੇ ਆਪ ਹੀ ਜਾ ਕੇ ਲਿਖਿਆ ਕਿ ਭਾਈ ਸਾਹਿਬ ਦੇ ਸਪੁੱਤਰ ਭਾ. ਹਰਭਜਨ ਸਿੰਘ ਇੰਜਨੀਅਰਿਗ ਕਰਕੇ ਅਮਰੀਕਾ ਵਿਚ ਨੌਕਰੀ ਕੀਤੀ। ਸ.

ਉੱਤਮ ਸਿੰਘ ਜੀ ਸੰਗੀਤਕਾਰ ਫ਼ਿਲਮ ਲਾਈਨ ਵਿਚ ਕਿਉਂ ਚਲੇ ਗਏ। ਇਸੇ ਕਰਕੇ ਇਹ ਲੋਕ ਕੀਰਤਨ ਲਾਈਨ ਛੱਡ ਗਏ ਹਨ। ਕਿਉਂ ਕਿ ਇਨ੍ਹਾਂ ਨੇ ਦੇਖ ਲਿਆ ਕਿ ਸਿੱਖ ਕੌਮ ਦੇ ਕੋਲ ਰਾਗੀਆਂ ਨੂੰ ਦੇਣ ਵਾਸਤੇ 5 ਰੁਪਏ ਹੀ ਹੁੰਦੇ ਹਨ। ਪਾਠਕਾਂ ਨੂੰ ਇਹ ਗਿਆਤ ਹੋਣਾ ਚਾਹੀਦਾ ਹੈ ਕਿ ਪੁਰਾਣੇ ਜਿਤਨੇ ਵੀ ਚੰਗੀ ਰਾਗੀ ਸਨ, ਉਨ੍ਹਾਂ ਵਿਚੋਂ ਇਕ ਦੋ ਨੂੰ ਛੱਡ ਕੇ ਕਿਸੇ ਵੀ ਰਾਗੀ ਨੇ ਆਪਣੇ ਬੱਚੇ ਅੱਗੋਂ ਕੀਰਤਨ ਲਾਈਨ ਵਿਚ ਨਹੀਂ ਪਾਏ। ਕਿਉਂਕਿ ਸਿੱਖ ਗੰਦੇ ਗਾਂਣੇ ਗਾਉਣ ਵਾਲਿਆਂ ਨੂੰ ਤਾਂ ਹਜ਼ਾਰਾਂ ਰੁਪਏ ਭੇਟਾ ਦੇ ਸਕਦੇ ਹਨ ਤੇ ਸ਼ਰਾਬ ਤੇ ਪੈਸਾ ਵਹਾ ਸਕਦੇ ਹਨ, ਇਨ੍ਹਾਂ ਕੰਮਾਂ ਨਾਲ ਬੱਚਿਆਂ 'ਤੇ ਜੋ ਅਸਰ ਪੈਂਦਾ ਹੈ ਉਹ ਕੋਈ ਨਹੀਂ ਸੋਚਦਾ ਤੇ ਰੌਲਾ ਇਹ ਪਾਈ ਜਾਂਦੇ ਹਨ ਕਿ ਰਾਗੀ ਸਿੰਘ ਮਾਇਆ ਜ਼ਿਆਦਾ ਮੰਗਦੇ ਹਨ, ਤਾਂ ਸਿੱਖੀ ਪਤਿੱਤ ਹੋਈ ਜਾ ਰਹੀ ਹੈ।

ਫਿਰ ਜਿਹੜੇ ਰਾਗੀ ਸਿੰਘ ਗੁਰਦੁਆਰਿਆਂ ਵਿਚ ਨੌਕਰੀ ਕਰਦੇ ਹਨ, ਉਨ੍ਹਾਂ ਨੂੰ ਪ੍ਰਬੰਧਕ ਲੋਕ ਪੂਰਨ ਰੁਜ਼ਗਾਰ ਨਹੀਂ ਦੇਂਦੇ। ਪੂਰਨ ਗੁਜ਼ਾਰਾ ਰਾਗੀ ਸਿੰਘ ਦਾ ਨਹੀਂ ਚੱਲਦਾ, ਇਤਨੀ ਕੁ ਤਨਖਾਹ ਹੁੰਦੀ ਹੈ ਮਿਸਾਲ ਦੇ ਤੌਰ ਤੇ ਇਕ ਰਾਗੀ ਜਥਾ ਇਕ ਗੁਰਦੁਆਰੇ ਵਿਚ 7000/ ਰੁਪਏ ਤਨਖਾਹ ਲੈ ਰਿਹਾ ਹੈ, ਇਸ ਹਿਸਾਬ ਨਾਲ ਇਕ ਬੰਦੇ ਦੇ ਹਿੱਸੇ 2333 ਰੁਪਏ ਆਏ। ਜੋ ਕਿ 100 ਰੁਪਏ ਦਿਹਾੜੀ ਦੇ ਵੀ ਨਹੀਂ ਬਣਦੇ। ਜਦ ਕਿ ਅੱਜ ਦੇ ਯੁੱਗ ਵਿਚ ਟੋਕਰੀ ਢੋਣ ਵਾਲਾ ਮਜ਼ਦੂਰ ਵੀ 150 ਰੁਪਏ ਦਿਹਾੜੀ ਲੈ ਰਿਹਾ ਹੈ। ਜੇ 3000/ ਰੁਪਏ ਤਨਖਾਹ ਹੋਵੇ ਤਾਂ ਜਾ ਕਿ ਇਕ ਦਿਨ ਦਾ 100/ ਰੁਪਏ ਬਣਦਾ ਹੈ। ਜਿਥੋਂ ਤਕ ਕੰਮ ਦਾ ਸਵਾਲ ਹੈ, ਮਜ਼ਦੂਰ ਜੋ 8 ਘੰਟੇ ਕੰਮ ਕਰਕੇ ਜਿਤਨਾ ਥੱਕ ਜਾਂਦਾ ਹੈ ਉਤਨੀ ਥਕਾਵਟ ਗਾਉਣ ਵਾਲੇ ਨੂੰ ਇਕ ਘੰਟੇ ਵਿਚ ਹੋ ਜਾਂਦੀ ਹੈ ਤੇ ਰਾਗੀ ਸਿੰਘ ਦੋ ਤਿੰਨ ਘੰਟੇ ਲਗਾਤਾਰ ਕੀਰਤਨ ਕਰਦੇ ਹਨ। ਹੁਣ ਪਾਠਕ ਤੇ ਪ੍ਰਬੰਧਕ ਆਪ ਹੀ ਸੋਚਣ ਕਿ ਅਸੀਂ ਕਿਤਨਾ ਅਨਰਥ ਕਰ ਰਹੇ ਹਾਂ ਰਾਗੀ ਸਿੰਘਾਂ ਨਾਲ।

ਇਕ ਹੋਰ ਅਨਰਥ ਰਾਗੀਆਂ ਨਾਲ ਹੁੰਦਾ ਹੈ, ਜੋ ਰਾਗੀ ਸਿੰਘ ਨੌਕਰੀ ਕਰਦੇ ਹਨ ਉਨ੍ਹਾਂ ਨੂੰ ਜੋ ਵਾਜੇ ਤੇ ਸ਼ਬਦ ਭੇਟ ਸੰਗਤਾਂ ਦੇਂਦੀਆਂ ਹਨ, ਜਾਂ ਬਾਹਰ ਪ੍ਰੋਗਰਾਮ ਕਰਕੇ ਰਾਗੀ ਸਿੰਘ ਆਉਂਦੇ ਹਨ, ਕਮੇਟੀਆਂ ਉਨ੍ਹਾਂ ਤੋਂ ਉਸ ਮਾਇਆ ਦੀ ਅੱਧੀ ਭੇਟਾ ਲੈ ਲੈਂਦੀਆਂ ਹਨ। ਕਈ ਗੁਰਦੁਆਰਿਆਂ ਵਿਚ ਤਾਂ ਉਪਰਲੀ ਪੂਰੀ ਭੇਟਾ ਹੀ ਕਮੇਟੀਆਂ ਰੱਖ ਲੈਂਦੀਆਂ ਹਨ। ਤੇ ਰਾਗੀ ਸਿੰਘਾਂ ਨੂੰ ਸੁੱਕੀ ਤਨਖਾਹ ਨਾਲ ਹੀ ਗੁਜ਼ਾਰਾ ਕਰਨਾ ਪੈਂਦਾ ਹੈ ਅਤੇ ਜੇ ਕਿਤੇ ਮਜ਼ਬੂਰੀ ਵੱਸ ਰਾਗੀ ਸਿੰਘ ਸ਼ਬਦ ਭੇਟਾ ਪੂਰੀ ਜਮ੍ਹਾ ਨਾ ਕਰਾਵੇ ਤਾਂ ਪ੍ਰਬੰਧਕ ਕਮੇਟੀ ਉਸ ਤੇ ਗਬਨ ਦਾ ਕੇਸ ਬਣਾ ਦੇਂਦੀ ਹੈ।

ਮੈਂ ਸਾਰੀ ਸਿੱਖ ਕੌਮ ਤੇ ਸਭ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੋਈ ਵੀ ਸੱਜਣ ਇਹ ਦੱਸ ਦੇਵੇ ਕਿ ਸਾਡੇ ਜਿੰਨੇ ਵੀ ਧਾਰਮਿਕ ਗ੍ਰੰਥ ਹਨ, ਗੁਰੂ ਗ੍ਰੰਥ ਸਾਹਿਬ ਤੋਂ ਲੈ ਕਿ ਜਿਤਨੇ ਵੀ ਬਾਣੀ ਦੇ ਗ੍ਰੰਥ ਤੇ ਇਤਿਹਾਸਕ ਗ੍ਰੰਥ ਹਨ ਕੀ ਕਿਸੇ ਗ੍ਰੰਥ ਵਿਚ ਕਿਤੇ ਲਿਖਿਆ ਹੈ ਕਿ ਰਾਗੀ ਸਿੰਘਾਂ ਤੋਂ ਸ਼ਬਦ ਭੇਟਾ ਦਾ ਅੱਧ ਲੈਣਾ ਚਾਹੀਦਾ ਹੈ ਜਾਂ ਕਿਸੇ ਗੁਰੂ ਸਾਹਿਬ ਨੇ ਰਾਗੀ ਸਿੰਘਾਂ ਤੋਂ ਮਾਇਆ ਦਾ ਅੱਧ ਲਿਆ ਹੋਵੇ। ਜੇ ਨਹੀਂ ਲਿਖਿਆ ਤਾਂ ਇਹ ਅਨਰਥ ਕਿਉਂ ਹੋ ਰਿਹਾ ਹੈ। ਹੈ ਕੋਈ ਦੱਸਣ ਵਾਲਾ ਜਾਂ ਸੋਚਣ ਵਾਲਾ, ਰਾਗੀ ਸਿੰਘਾਂ ਦੇ ਆਚਰਣ ਤੇ ਅਤੇ ਉਨ੍ਹਾਂ ਦੇ ਵਿਵਹਾਰ ਤੇ ਬਹੁਤ ਲਿਖਣ ਵਾਲੇ ਬੁੱਧੀਜੀਵੀ ਹਨ, ਪਰ ਜੋ ਜ਼ੁਲਮ ਪ੍ਰਬੰਧਕ ਰਾਗੀ ਸਿੰਘਾਂ ਨਾਲ ਕਰ ਰਹੇ ਹਨ, ਕੋਈ ਸੋਚਣ ਵਾਲਾ ਨਹੀਂ ਕੋਈ ਕਹਿਣ ਵਾਲਾ ਨਹੀਂ।

ਹੁਣ ਦੇਖਿਆ ਜਾਵੇ ਤਾਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਕਿਤਨੀ ਮਾਇਆ ਭੇਟਾ ਚੜ੍ਹਦੀ ਹੈ ਕੋਈ ਥੁੜ ਨਹੀਂ। ਲੇਕਿਨ ਉਥੇ ਵੀ ਕੀਰਤਨ ਦੀ ਸ਼ਬਦ ਭੇਟ ਸਰੀ ਗੋਲਕ ਵਿਚ ਪਾ ਦਿੱਤੀ ਜਾਂਦੀ ਹੈ ਅਤੇ ਤਖਤ ਸ੍ਰੀ ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਵਿਖੇ ਹਰਿਮੰਦਰ ਸਾਹਿਬ ਵਿਚ ਕੀਰਤਨ ਸ਼ਬਦ ਭੇਟ ਅਤੇ ਬਾਹਰਲੇ ਪ੍ਰੋਗਰਾਮਾਂ ਦੀ ਸਾਰੀ ਮਾਇਆ ਪ੍ਰਬੰਧਕ ਕਮੇਟੀਆਂ ਰੱਖ ਲੈਂਦੀਆਂ ਹਨ। ਕੀ ਇਨ੍ਹਾਂ ਅਸਥਾਨਾਂ ਤੇ ਕੋਈ ਮਾਇਆ ਦੀ ਥੋੜ ਹੈ? ਜਾਂ ਇਹ ਸਤਿਗੁਰ ਜੀ ਕਿਧਰੇ ਲਿਖ ਗਏ ਹਨ ਕਿ ਗਰੀਬ ਰਾਗੀਆਂ ਤੋਂ ਸਾਰੀ ਮਾਇਆ ਖੋਹ ਲੈਣੀ ਚਾਹੀਦੀ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੋਈ ਮਾਇਆ ਦੀ ਥੋੜ੍ਹ ਨਹੀਂ, ਇਕੱਲੇ ਗੁਰਦੁਆਰਾ ਬੰਗਲਾ ਸਾਹਿਬ ਦੀ ਆਮਦਨ ਘੱਟੋ ਘਟ ਪੈਂਤੀ-ਛੱਤੀ ਲੱਖ ਇਕ ਹਫ਼ਤੇ ਦੀ ਹੈ। ਉਥੇ ਵੀ ਰਾਗੀ ਸਿੰਘਾਂ ਤੋਂ ਮਾਇਆ ਦਾ ਅੱਧ ਲਿਆ ਜਾਂਦਾ ਹੈ।

ਸੁਣਨ ਵਿਚ ਆਉਂਦਾ ਹੈ ਕਿ ਜਿਹੜੇ ਕਲਰਕ ਰਾਗੀ ਸਿੰਘਾਂ ਦੀ ਡਿਊਟੀ ਲਾਉਂਦੇ ਹਨ, ਉਹ ਵੀ ਰਾਗੀ ਸਿੰਘਾਂ ਤੋਂ ਕਮਿਸ਼ਨ (ਰਿਸ਼ਵਤ) ਲੈ ਕੇ ਉਨ੍ਹਾਂ ਨੂੰ ਪ੍ਰੋਗਰਾਮ ਦੇਂਦੇ

ਹਨ। ਗੱਲ ਕੀ ਹਰ ਥਾਂ ਤੇ ਰਾਗੀ ਸਿੰਘਾਂ ਨਾਲ ਸਦਾ ਤੋਂ ਜ਼ੁਲਮ ਹੋ ਰਿਹਾ ਹੈ ਤੇ ਪ੍ਰਬੰਧਕ ਲੋਕ ਬਦਨਾਮ ਰਾਗੀਆਂ ਨੂੰ ਕਰਦੇ ਹਨ। ਕਹਿੰਦੇ ਹਨ ਕਿ ਪ੍ਰਚਾਰਕਾਂ ਦੀ ਘਾਟ ਕਾਰਨ ਸਿੱਖੀ ਪਤਿਤ ਹੋ ਰਹੀ ਹੈ। ਪ੍ਰਬੰਧਕ ਲੋਕ ਆਪਣੇ ਆਚਰਨ ਤੇ ਝਾਤੀ ਹੀ ਨਹੀਂ ਮਾਰਦੇ। ਇਸ ਲਈ ਦਾਸ ਦੀ ਸਭ ਸਿੱਖ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਰਾਗੀ ਸਿੰਘਾਂ ਤੇ ਜ਼ੁਲਮ ਨਾ ਕਰੋ, ਇਨ੍ਹਾਂ ਨਾਲ ਧੱਕਾ ਨਾ ਕਰੋ, ਜੋ ਕੌਮ ਆਪਣੇ ਪ੍ਰਚਾਰਕਾਂ ਦੀ ਚੜ੍ਹਦੀ ਕਲਾ ਸੋਚਦੀ ਹੈ ਉਸੇ ਕੌਮ ਦੀ ਚੜ੍ਹਦੀ ਕਲਾ ਹੁੰਦੀ ਹੈ।

*425, ਗਲੀ ਨੰ 1, ਨਿਊ ਬਸੰਤ ਵਿਹਾਰ,*
ਕਾਕੋਵਾਲ ਰੋਡ, ਲੁਧਿਆਣਾ

# ਸੁਰ ਲਿਪੀ

ਹਰਦੀਪ ਕੌਰ

*ਰਾਗ ਗਉੜੀ*

**ਥਾਟ** : ਭੈਰਵ ('ਰੁ' ਅਤੇ 'ਧੁ' ਕੋਮਲ) **ਜਾਤੀ** : ਵਕਰ -ਸੰਪੂਰਨ

**ਸਮਾਂ** : ਦਿਨ ਦਾ ਚੌਥਾ ਪਹਿਰ **ਵਾਦੀ** : ਰੁ **ਸੰਵਾਦੀ** : ਪ

**ਆਰੋਹ** : ਸ ਰੁ ਗ ਰੁ, ਗ ਮ ਪ, ਮ ਪ ਧੁ ਨ ਸਂ

**ਅਵਰੋਹ** : ਸਂ ਨ ਧੁ ਪ, ਧੁ ਪ ਮ, ਰੁ ਗ ਰੁ ਗ, ਰੁ ਸ, ਰੁ ਨ਼ ਸ

**ਮੁੱਖ ਅੰਗ** : ਸ ਧੁ ਪ, ਧੁ ਪ ਮ ਪ ਗ ਮ, ਗ ਰੁ ਗ ਰੁ ਸ ਰ ਨ਼ ਸ ਨ਼।

ਰਾਗ ਦੀ ਮੁੱਖ ਵਿਸ਼ੇਸ਼ਤਾ ਮੰਦਰ ਨਿਸ਼ਾਦ ਤੇ ਮੁਕਾਮ ਕਰਨ ਨਾਲ ਪ੍ਰਗਟ ਹੁੰਦੀ ਹੈ।

ਜਿਵੇਂ ਸ ਰੁ ਸ ਰੁ ਨ਼ ਸ ਨ਼ ਧੁ਼ ਨ਼

*ਤਿੰਨ ਤਾਲ*

| 9 | 10 | 11 | 12 | 13 | 14 | 15 | 16 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|
| 0 | | | | 3 | | | | X | | | | 2 | | | |
| ਸਥਾਈ | | | | | | | | | | | | | | | |
| ਸ | ਰੁ | ਗ | ਮ | ਪ | – | ਪ | – | ਮਗ | ਮਗ | ਰੁ | ਸ | ਰੁ | ਨ਼ | ਸ | – |
| ਮਾ | ऽ | ਧ | ਉ | ਜ | ਲ | ਕੀ | ऽ | ਪਿऽ | ਆऽ | ਸ | ਨ | ਜਾ | ऽ | ਇ | ऽ |
| S | R | G | M | P | – | P | – | MG | MG | R | S | R | Ṇ | S | - |
| *MAA* | *–* | *DHA* | *O* | *JA* | *L* | *KEE* | *–* | *PI–* | *AA-* | *S* | *NA* | *JAA* | *–* | *AY* | *-* |
| ਸ | ਰੁ | ਗ | ਮ | ਪਧੁ | ਨਧੁ | ਪ | – | ਮਗ | ਮਗ | ਰੁ | ਸ | ਰੁ | ਨ਼ | ਸ | – |
| ਜ | ਲ | ਮ | ਹਿ | ਅऽ | ਗऽ | ਨਿ | ਉ | ਥੀऽ | ऽऽ | ਅ | ਧਿ | ਕਾ | ऽ | ਇ | ऽ |
| S | R | G | M | PD | ND | P | – | MG | MG | R | S | R | Ṇ | S | – |
| **JA** | **L** | **ME** | H | **A-** | **GA-** | **N** | **U** | **THEE-** | **—** | **A** | **DHI** | **KAA** | **–** | **AY** | **-** |
| ਅੰਤਰਾ | | | | | | | | | | | | | | | |
| ਪ | ਧੁ | ਨ | ਨ | ਸਂ | – | ਸਂ | – | ਨ | ਸਂ | ਨ | ਧੁ | ਨ | ਸਂ | ਨ | ਨ |
| ਤੂੰ | ऽ | ਜ | ਲ | ਨਿ | ਧਿ | ਹ | ਉ | ਜ | ਲ | ਕਾ | ऽ | ਮੀ | ऽ | ਨੁ | ऽ |
| P | D | N | N | Ṡ | – | Ṡ | – | N | Ṡ | N | D | N | Ṡ | N | N |
| **TOO** | **–** | **JA** | **L** | **NI** | **DH** | **HA** | **O** | **JA** | **L** | **KAA** | **–** | **MEE** | **–** | **N** | **-** |
| ਸਂ | ਨ | ਧੁ | ਪ | ਮ | – | ਮ | – | ਪ | ਗ | ਮ | ਗ | ਗ | ਰੁ | ਸ | – |
| ਜ | ਲ | ਮ | ਹਿ | ਰ | ऽ | ਹਉ | ਜ | ਲ | ਹਿ | ਬਿ | ਨੁ | ਖੀ | ऽ | ਨੁ | ऽ |
| Ṡ | N | D | P | M | – | M | – | P | G | M | G | G | R | S | – |
| ***JA*** | ***L*** | ***ME*** | ***H*** | ***RA*** | ***–*** | ***HAO*** | ***JA*** | ***LE*** | ***H*** | ***BI*** | ***N*** | ***KHEE*** | ***–*** | ***N*** | ***-*** |

# ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਹਰਦੀਪ ਕੌਰ

| ਗਉੜੀ ਕਬੀਰ ਜੀ | Ga-orhee Kabeer jee | ਗਉੜੀ ਕਬੀਰ ਜੀ |
|---|---|---|
| ਮਾਧਉ, ਜਲ ਕੀ ਪਿਆਸ ਨਾ ਜਾਇ ॥ ਜਲ ਮਹਿ ਅਗਨਿ ਉਠੀ ਅਧਿਕਾਇ ॥ | O Lord, my thirst for the Water of Your Name will not go away. The fire of my thirst burns. | ਹੇ ਮਾਇਆ ਦੇ ਪਤੀ ਪ੍ਰਭੂ! ਤੇਰੇ ਨਾਮ - ਅੰਮ੍ਰਿਤ ਦੀ ਤ੍ਰੇਹ ਮਿਟਦੀ ਨਹੀਂ (ਭਾਵ, ਤੇਰਾ ਨਾਮ ਜਪ ਜਪ ਕੇ ਮੈਂ ਰੱਜਦਾ ਨਹੀਂ ਹਾਂ), ਤੇਰਾ ਨਾਮ ਅੰਮ੍ਰਿਤ ਪੀਂਦਿਆਂ ਵਧੀਕ ਤਾਂਘ ਪੈਦਾ ਹੋ ਰਹੀ ਹੈ। |
| ਰਹਾਉ ॥ | Pause | ਰਹਾਉ। |
| ਤੂੰ ਜਲਨਿਧਿ, ਹਉ ਜਲ ਕਾ ਮੀਨੁ ॥ ਜਲ ਮਹਿ ਰਹਉ ਜਲਹਿ ਬਿਨੁ ਖੀਨੁ ॥ ੧ ॥ | You are the Ocean of Water, and I am just a fish in that Water. In that Water, I remain, without that Water, I would perish. | ਹੇ ਪ੍ਰਭੂ! ਤੂੰ ਜਲ ਦਾ ਖਜ਼ਾਨਾ (ਸਮੁੰਦਰ) ਹੈਂ, ਤੇ ਮੈਂ ਉਸ ਜਲ ਦਾ ਮੱਛ ਹਾਂ। ਜਲ ਵਿਚ ਹੀ ਮੈਂ ਜੀਊਂਦਾ ਰਹਿ ਸਕਦਾ ਹਾਂ: ਜਲ ਤੋਂ ਬਿਨਾਂ ਮੈਂ ਮਰ ਜਾਂਦਾ ਹਾਂ। |
| ਤੂੰ ਪਿੰਜਰੁ, ਹਉ ਸੂਅਟਾ ਤੋਰ ॥ ਜਮੁ ਮੰਜਾਰੁ ਕਹਾ ਕਰੈ ਮੋਰ ॥ ੨ ॥ | You are the cage, and i am Your parrot. So what can the cat of death do to me. | ਤੂੰ ਮੇਰਾ ਪਿੰਜਰਾ ਹੈਂ, ਮੈਂ ਤੇਰਾ ਕਮਜ਼ੋਰ ਜਿਹਾ ਤੋਤਾ ਹਾਂ। (ਤੇਰੇ ਆਸਰੇ ਰਿਹਾਂ) ਜਮ- ਰੂਪ ਬਿੱਲਾ ਮੇਰਾ ਕੀ ਵਿਗਾੜ ਸਕਦਾ ਹੈ? |
| ਤੂੰ ਤਰਵਰੁ, ਹਉ ਪੰਖੀ ਆਹਿ ॥ ਮੰਦਭਾਗੀ ਤੇਰੋ ਦਰਸਨੁ ਨਾਹਿ ॥ ੩ ॥ | You are the tree, and I am the bird. I am so unfortunate - I cannot see the Blessed Vision of Your Darshan. | ਹੇ ਪ੍ਰਭੂ! ਤੂੰ ਸੋਹਣਾ ਰੁੱਖ ਹੈਂ ਤੇ ਮੈਂ (ਉਸ ਰੁੱਖ ਦੇ ਆਸਰੇ ਰਹਿਣ ਵਾਲਾ) ਪੰਛੀ ਹਾਂ। (ਮੈਨੂੰ) ਮੰਦ ਭਾਗੀ (ਅਜੇ ਤਕ) ਤੇਰਾ ਦਰਸ਼ਨ ਨਸੀਬ ਨਹੀਂ ਹੋਇਆ। |
| ਤੂੰ ਸਤਿਗੁਰੁ, ਹਉ ਨਉਤਨੁ ਚੇਲਾ ॥ ਕਹਿ ਕਬੀਰ ਮਿਲੁ ਅੰਤ ਕੀ ਬੇਲਾ ॥ | You are the True Guru, and I am Your new disciple. Says Kabeer, O Lord, Please meet me - this is my very last chance. | ਹੇ ਪ੍ਰਭੂ! ਤੂੰ (ਮੇਰਾ) ਗੁਰੂ ਹੈਂ, ਮੈਂ ਤੇਰਾ ਨਵਾਂ ਸਿੱਖ ਹਾਂ (ਭਾਵ, ਤੇਰੇ ਨਾਲ ਉਸੇ ਤਰ੍ਹਾਂ ਪਿਆਰ ਹੈ ਜਿਵੇਂ ਨਵਾਂ ਨਵਾਂ ਸਿੱਖ ਆਪਣੇ ਗੁਰੂ ਨਾਲ ਕਰਦਾ ਹੈ)। ਕਬੀਰ ਆਖਦਾ ਹੈ - ਹੁਣ ਤਾਂ (ਮਨੁੱਖਾ ਜਨਮ) ਅਖੀਰ ਦਾ ਵੇਲਾ ਹੈ, ਮੈਨੂੰ ਜ਼ਰੂਰ ਮਿਲ। |

*ਪੁਸਤਕ 'ਨਮੋ ਗੀਤ ਗੀਤੇ' ਵਿਚੋਂ ਧੰਨਵਾਦ ਸਹਿਤ*